15-DEC-PAGE-1.qxd 12/14/2023 10:23 PM Page 1

ਸ਼ੁੱਕਰਵਾਰ, 15 ਦਸੰਬਰ, 2023
30 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 195

ਨਵਾਂ ਜ਼ਮਾਨਾ

DAILY NAWAN ZAMANA • FRIDAY, 15 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਸ਼ਾਹ ਦੇ ਬਿਆਨ ਦੀ ਮੰਗ ਕਰਨ 'ਤੇ 15 ਆਪੋਜ਼ੀਸ਼ਨ ਸਾਂਸਦ ਸਸਪੈਂਡ

ਨਵੀਂ ਦਿੱਲੀ : ਆਪੋਜ਼ੀਸ਼ਨ ਪਾਰਟੀਆਂ ਦੇ 14 ਮੈਂਬਰਾਂ ਨੂੰ ਵੀਰਵਾਰ ਲੋਕ ਸਭਾ ਦੀ ਕਾਰਵਾਈ 'ਚ ਵਿਘਨ ਪਾਉਣ ਅਤੇ ਚੇਅਰ ਦੀ ਬੇਇੱਜ਼ਤੀ ਕਰਨ ਦੇ ਦੋਸ਼ 'ਚ ਮੌਜੂਦਾ ਅਜਲਾਸ ਦੀ ਬਾਕੀ ਮਿਆਦ ਲਈ ਮੁਅੱਤਲ ਕਰ ਦਿੱਤਾ ਗਿਆ। ਰਾਜ ਸਭਾ ਵਿਚ ਤ੍ਰਿਣਮੂਲ ਕਾਂਗਰਸ ਦੇ ਡੈਰੇਕ ਓ'ਬ੍ਰਾਇਨ ਨੂੰ ਵੀ ਹੰਗਾਮਾ ਕਰਨ ਦੇ ਦੋਸ਼ ਵਿਚ ਮੁਅੱਤਲ ਕਰ ਦਿੱਤਾ ਗਿਆ। ਆਪੋਜ਼ੀਸ਼ਨ ਮੈਂਬਰ ਬੁੱਧਵਾਰ ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਿਆਨ ਦੀ ਮੰਗ ਕਰ ਰਹੇ ਸਨ। ਇਸ ਦੌਰਾਨ ਕਾਫੀ ਹੰਗਾਮਾ ਹੋਇਆ, ਮੈਂਬਰ ਚੇਅਰ ਦੇ ਲਾਗੇ ਪੁੱਜ ਗਏ। ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਹਲਾਦ ਜੋਸ਼ੀ ਨੇ ਦੋ ਮਤੇ ਰੱਖ ਕੇ 14 ਮੈਂਬਰਾਂ ਨੂੰ ਮੁਅੱਤਲ ਕਰਾ ਦਿੱਤਾ। ਰੌਲੇ ਕਾਰਨ ਜ਼ੀਰੋ ਆਵਰ ਦੌਰਾਨ ਸਦਨ ਉਠਾ ਦਿੱਤਾ ਗਿਆ। ਜਦੋਂ ਦੋ ਵਜੇ ਮੁੜ ਜੁੜਿਆ ਤਾਂ ਫਿਰ ਵੀ ਰੌਲਾ ਸ਼ੁਰੂ ਹੋ ਗਿਆ। ਜੋਸ਼ੀ ਨੇ ਸਰਕਾਰ ਵੱਲੋਂ ਬਿਆਨ ਪੜ੍ਹਿਆ ਕਿ ਸੰਸਦ ਦੀ ਅੰਦਰੂਨੀ ਸੁਰੱਖਿਆ ਸਪੀਕਰ ਦੇ ਅਧਿਕਾਰ ਖੇਤਰ ਵਿਚ ਹੈ। ਫਿਰ ਉਨ੍ਹਾਂ ਹੰਗਾਮੇ ਦੌਰਾਨ ਕਾਂਗਰਸ ਦੇ ਪੰਜ ਮੈਂਬਰਾਂ ਦੀ ਮੁਅੱਤਲੀ ਦਾ ਮਤਾ ਪੇਸ਼ ਕਰ ਦਿੱਤਾ। ਇਨ੍ਹਾਂ ਵਿਚ ਟੀ ਐੱਨ ਪ੍ਰਥੱਪਨ, ਹੀਬੀ ਏਡਨ, ਜੋਤੀਮਣੀ, ਰਾਮਯ ਹਰੀਦਾਸ ਤੇ ਡੀਨ ਕੁਰੀਆਕੋਸ ਸ਼ਾਮਲ ਸਨ। ਹੰਗਾਮੇ ਕਾਰਨ ਸਦਨ ਫਿਰ ਉਠਾ ਦਿੱਤਾ ਗਿਆ। ਜਦੋਂ ਤਿੰਨ ਵਜੇ ਮੁੜ ਜੁੜਿਆ ਤਾਂ ਜੋਸ਼ੀ ਨੇ 9 ਹੋਰ ਮੈਂਬਰਾਂ—ਵੀ ਕੇ ਸ੍ਰੀਕੰਦਨ, ਬੈਨੀ ਬਹਿਨਾਨ, ਮੁਹੰਮਦ ਜਾਵੇਦ, ਮਨੀਕਮ ਟੈਗੋਰ (ਸਾਰੇ ਕਾਂਗਰਸੀ), ਪੀ ਆਰ ਨਟਰਾਜਨ ਤੇ ਐੱਸ ਵੈਂਕਟੇਸ਼ਨ (ਸੀ ਪੀ ਆਈ-ਐੱਮ), ਕਨੀਮੋਜ਼ੀ ਤੇ ਐੱਸ ਆਰ ਪ੍ਰਤੀਬਨ (ਡੀ ਐੱਮ ਕੇ), ਕੇ ਸੁੱਬਰਾਯਨ (ਸੀ ਪੀ ਆਈ) ਨੂੰ ਮੁਅੱਤਲ ਕਰਨ ਦਾ ਮਤਾ ਰੱਖ ਦਿੱਤਾ। ਇਕ ਸਾਂਸਦ ਨੇ ਕਿਹਾ ਕਿ ਪ੍ਰਤੀਬਨ ਤਾਂ ਦਿੱਲੀ ਵਿਚ ਹੀ ਨਹੀਂ ਸਨ ਤੇ ਚੇਨਈ ਵਿਚ ਸਨ, ਪਰ ਫਿਰ ਵੀ ਉਨ੍ਹਾ ਨੂੰ ਮੁਅੱਤਲ ਕਰ ਦਿੱਤਾ ਗਿਆ। ਚਾਰ ਦਸੰਬਰ ਨੂੰ ਸ਼ੁਰੂ ਹੋਇਆ ਸਰਦ ਰੁੱਤ ਅਜਲਾਸ 22 ਦਸੰਬਰ ਤੱਕ ਚੱਲਣਾ ਹੈ। ਮੁਅੱਤਲ ਹੋਣ ਵਾਲਿਆਂ ਵਿਚ ਸ਼ਾਮਲ ਕਨੀਮੋਜ਼ੀ ਨੇ ਕਿਹਾ ਕਿ ਮੁੰਡਿਆਂ ਨੂੰ ਵਿਜ਼ਟਰ ਪਾਸ ਦੇਣ ਵਾਲੇ ਭਾਜਪਾ ਸਾਂਸਦ ਪ੍ਰਤਾਪ ਸਿਮ੍ਹਾ ਨੂੰ ਸਰਕਾਰ ਨੇ ਬਖਸ਼ ਦਿੱਤਾ ਹੈ, ਜਦਕਿ ਮਹੂਆ ਮੋਇਤਰਾ ਨੂੰ ਜਾਂਚ ਮੁਕੰਮਲ ਹੋਣ ਤੋਂ ਬਿਨਾਂ ਲੋਕ ਸਭਾ ਵਿੱਚੋਂ ਕੱਢ ਦਿੱਤਾ ਗਿਆ। ਜਨਤਾ ਦਲ (ਯੂ) ਦੇ ਰਾਜੀਵ ਰੰਜਨ ਸਿੰਘ ਨੇ ਕਿਹਾ ਕਿ ਸਰਕਾਰ ਨਾਕਾਮੀਆਂ ਲੁਕੋਣਾ ਚਾਹੁੰਦੀ ਹੈ ਅਤੇ ਆਪੋਜ਼ੀਸ਼ਨ ਨੂੰ ਡਰਾ ਰਹੀ ਹੈ। ਜੇ ਮੁੰਡੇ ਮੁਸਲਮ ਹੁੰਦੇ ਜਾਂ ਕਾਂਗਰਸ ਸਾਂਸਦ ਨੇ ਪਾਸ ਜਾਰੀ ਕੀਤੇ ਹੁੰਦੇ ਤਾਂ ਸਰਕਾਰ ਦਾ ਐਕਸ਼ਨ ਦੇਖਣ ਵਾਲਾ ਹੋਣਾ ਸੀ। ਸਾਂਸਦ ਕਪਿਲ ਸਿੱਬਲ ਨੇ ਕਿਹਾ ਕਿ ਜੇ ਆਪੋਜ਼ੀਸ਼ਨ ਦੀ ਲੋੜ ਨਹੀਂ ਤਾਂ ਸਾਰੀ ਆਪੋਜ਼ੀਸ਼ਨ ਨੂੰ ਹੀ ਸਦਨ ਵਿੱਚੋਂ ਕੱਢ ਦਿਓ।

ਤਾਨਾਸ਼ਾਹੀ ਵਿਰੁੱਧ ਨਾਅਰੇ ਲਾਉਣ ਵਾਲਿਆਂ 'ਤੇ ਯੂ ਏ ਪੀ ਏ ਲਾਗੂ

ਨਵੀਂ ਦਿੱਲੀ : ਦਿੱਲੀ ਪੁਲਸ ਨੇ ਸੰਸਦ ਦੀ ਸੁਰੱਖਿਆ 'ਚ ਸੰਨ੍ਹ ਦੇ ਮਾਮਲੇ 'ਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ ਏ ਪੀ ਏ) ਤਹਿਤ ਕੇਸ ਦਰਜ ਕੀਤਾ ਹੈ। ਬੁੱਧਵਾਰ ਸੰਸਦ 'ਤੇ 2001 ਦੇ ਅੱਤਵਾਦੀ ਹਮਲੇ ਦੀ ਬਰਸੀ ਮੌਕੇ ਲੋਕ ਸਭਾ ਦੀ ਕਾਰਵਾਈ ਦੌਰਾਨ ਦੋ ਨੌਜਵਾਨ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੇ ਦਰਸ਼ਕਾਂ ਦੀ ਗੈਲਰੀ ਤੋਂ ਸਦਨ 'ਚ ਛਾਲ ਮਾਰ ਦਿੱਤੀ ਸੀ ਤੇ ਕੈਨ ਰਾਹੀਂ ਪੀਲਾ ਧੂੰਆਂ ਫੈਲਾਅ ਦਿੱਤਾ ਸੀ। ਉਨ੍ਹਾਂ ਨਾਅਰੇਬਾਜ਼ੀ ਵੀ ਕੀਤੀ।

ਇਸ ਦੌਰਾਨ ਕੁਝ ਸੰਸਦ ਮੈਂਬਰਾਂ ਨੇ ਉਨ੍ਹਾਂ ਨੂੰ ਫੜ ਲਿਆ। ਉਸੇ ਸਮੇਂ ਦੋ ਹੋਰ ਮੁਲਜ਼ਮਾਂ ਅਮੋਲ ਸ਼ਿੰਦੇ ਅਤੇ ਨੀਲਮ ਦੇਵੀ ਨੇ ਸੰਸਦ ਕੰਪਲੈਕਸ ਦੇ ਬਾਹਰ ਕੈਨ ਤੋਂ ਰੰਗਦਾਰ ਧੂੰਆਂ ਛੱਡਿਆ ਅਤੇ 'ਤਾਨਾਸ਼ਾਹੀ ਨਹੀਂ ਚਲੇਗੀ' ਵਰਗੇ ਨਾਅਰੇ ਲਗਾਏ। ਪੁਲਸ ਨੇ ਦੱਸਿਆ ਕਿ ਇਸ ਘਟਨਾ ਦੀ ਸਾਜ਼ਿਸ਼ 6 ਜਣਿਆਂ ਨੇ ਰਚੀ ਸੀ ਅਤੇ ਇਹ ਚਾਰੇ ਵਿਅਕਤੀ ਇੱਕ ਹੀ ਗਰੁੱਪ ਦਾ ਹਿੱਸਾ ਹਨ। ਦਿੱਲੀ ਪੁਲਸ ਛੇਵੇਂ ਮੁਲਜ਼ਮ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ।

ਪੁਲਸ ਨੇ ਦੱਸਿਆ ਕਿ ਕੋਲਕਾਤਾ ਨਿਵਾਸੀ ਲਲਿਤ ਝਾਅ ਪੇਸ਼ੇ ਤੋਂ ਅਧਿਆਪਕ ਹੈ ਅਤੇ ਸੁਰੱਖਿਆ ਉਲੰਘਣਾ ਮਾਮਲੇ ਦਾ ਮੁੱਖ ਸਾਜ਼ਿਸ਼ਕਰਤਾ ਹੈ। ਲਲਿਤ ਅਤੇ ਹੋਰ ਮੁਲਜ਼ਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੋਂ ਪ੍ਰਭਾਵਤ ਸਨ ਅਤੇ ਅਜਿਹਾ ਕਾਰਾ ਕਰਨਾ ਚਾਹੁੰਦੇ ਸਨ, ਜਿਸ ਨਾਲ ਦੇਸ਼ ਦਾ ਧਿਆਨ ਉਸ ਵੱਲ ਆਵੇ। ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਏਜੰਸੀਆਂ ਨੂੰ ਹਾਲੇ ਤੱਕ ਅਜਿਹਾ ਕੋਈ ਸੁਰਾਗ ਨਹੀਂ ਮਿਲਿਆ ਹੈ, ਜਿਸ ਤੋਂ ਪਤਾ ਲੱਗਦਾ ਹੋਵੇ ਕਿ ਉਨ੍ਹਾਂ ਦਾ ਕਿਸੇ ਅੱਤਵਾਦੀ ਸਮੂਹ ਨਾਲ ਸੰਬੰਧ ਹੈ। ਉਧਰ, ਲੋਕ ਸਭਾ ਸਕੱਤਰੇਤ ਨੇ ਸੰਸਦ ਦੀ ਸੁਰੱਖਿਆ ਵਿਚ ਕੁਤਾਹੀ ਮਾਮਲੇ ਵਿਚ ਅੱਠ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਦੀ ਪਛਾਣ ਰਾਮਪਾਲ, ਅਰਵਿੰਦ, ਵੀਰ ਦਾਸ, ਗਣੇਸ਼, ਅਨਿਲ, ਪ੍ਰਦੀਪ, ਵਿਮਿਤ ਅਤੇ ਨਰਿੰਦਰ ਵਜੋਂ ਹੋਈ ਹੈ।

ਸੁਖਬੀਰ ਨੇ ਬੇਅਦਬੀਆਂ ਲਈ ਸਿੱਖ ਪੰਥ ਤੋਂ ਮੁਆਫ਼ੀ ਮੰਗੀ, ਰੁੱਸਿਆਂ ਨੂੰ ਵਾਪਸੀ ਦੀ ਅਪੀਲ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਜਥੇਬੰਦੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਸਰਕਾਰ ਵੇਲੇ 2015 'ਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਘਟਨਾਵਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ 'ਚ ਅਸਫਲ ਰਹਿਣ ਲਈ ਸਿੱਖ ਪੰਥ ਕੋਲੋਂ ਮੁਆਫੀ ਮੰਗੀ ਹੈ।

ਸਥਾਪਨਾ ਦਿਵਸ ਦੇ ਸੰਬੰਧ 'ਚ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਅਸਥਾਨ 'ਤੇ ਰੱਖੇ ਅਖੰਡ ਪਾਠ ਦੇ ਭੋਗ ਮਗਰੋਂ ਸੰਗਤ ਨੂੰ ਸੰਬੋਧਨ ਕਰਦਿਆਂ ਸੁਖਬੀਰ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਖਰੀ ਸਮੇਂ ਤੱਕ ਇਸ ਗੱਲ ਦਾ ਦੁੱਖ ਰਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਵੇਲੇ ਹੋਈਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਉਹ ਗ੍ਰਿਫਤਾਰ ਨਹੀਂ ਕਰ ਸਕੇ। ਪੰਥਕ ਸਰਕਾਰ ਦੇ ਵੇਲੇ ਵਾਪਰੀਆਂ ਇਹ ਘਟਨਾਵਾਂ ਅਤੀ ਦੁਖਦਾਈ ਸਨ। ਉਨ੍ਹਾ ਖੁਲਾਸਾ ਕੀਤਾ ਕਿ ਉਸ ਵੇਲੇ ਪਏ ਦਬਾਅ ਕਾਰਨ ਅਕਾਲੀ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਦੇ ਦਿੱਤੀ ਗਈ ਸੀ। ਉਸ ਤੋਂ ਬਾਅਦ ਆਈਆਂ ਹੁਣ ਤੱਕ ਦੀਆਂ ਸਰਕਾਰਾਂ ਵੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀਆਂ ਹਨ, ਪਰ ਉਨ੍ਹਾਂ ਨੇ ਸਿਆਸਤ ਕੀਤੀ। ਇਸ ਲਈ ਸਮੁੱਚੇ ਪੰਥ ਕੋਲੋਂ ਮੁਆਫੀ ਮੰਗਦਿਆਂ ਉਨ੍ਹਾ ਵਾਅਦਾ ਕੀਤਾ ਕਿ ਜੇ ਮੁੜ ਮੌਕਾ ਮਿਲਿਆ ਤਾਂ ਅਕਾਲੀ ਦਲ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਨਾ ਸਿਰਫ ਗ੍ਰਿਫਤਾਰ ਕਰੇਗਾ ਸਗੋਂ ਇਸ ਮੁੱਦੇ 'ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਬੇਨਕਾਬ ਕਰੇਗਾ। ਉਨ੍ਹਾ ਬਿਨਾਂ ਕਿਸੇ ਦਾ ਨਾਂਅ ਲਏ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਰੁੱਸੇ ਅਕਾਲੀ ਆਗੂਆਂ ਕੋਲੋਂ ਵੀ ਮੁਆਫੀ ਮੰਗੀ। ਉਨ੍ਹਾ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਇਕੱਠੇ ਹੋ ਕੇ ਸਾਹਮਣਾ ਕੀਤਾ ਜਾਵੇ। ਉਨ੍ਹਾ 20 ਦਸੰਬਰ ਨੂੰ ਦਿੱਲੀ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਪੰਥਕ ਪ੍ਰਦਰਸ਼ਨ 'ਚ ਵੀ ਸ਼ਾਮਲ ਹੋਣ ਦੀ ਸਾਰਿਆਂ ਨੂੰ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਅਨਿਲ ਜੋਸ਼ੀ ਵੀ ਮੌਜੂਦ ਸਨ।

ਪੰਜਾਬ ਦੇ ਰੋਕੇ ਹੋਏ 8 ਹਜ਼ਾਰ ਕਰੋੜ ਰੁਪਏ ਕੇਂਦਰ ਫੌਰਨ ਅਦਾ ਕਰੇ : ਸੀ ਪੀ ਆਈ

ਚੰਡੀਗੜ੍ਹ : ਪੰਜਾਬ ਸੀਪੀਆਈ ਨੇ ਇਥੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਪੰਜਾਬ ਦੇ ਹਿੱਸੇ ਆਉਂਦੇ 8 ਹਜ਼ਾਰ ਕਰੋੜ ਰੁਪਏ ਤੋਂ ਵਧ ਦੇ ਫੰਡਾਂ ਉਤੇ ਰੋਕ ਲਾਈ ਬੈਠੀ ਹੈ ਅਤੇ ਇਹ ਫੈਡਰਲ ਢਾਂਚੇ 'ਤੇ ਹਮਲਾ ਹੈ। ਪੰਜਾਬ ਸੀਪੀਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਦੇ ਪੇਂਡੂ ਵਿਕਾਸ ਫੰਡ ਦਾ ਲਗਭਗ 5500 ਕਰੋੜ ਰੁਪਏ ਕੇਂਦਰ ਦੀ ਭਾਜਪਾ ਸਰਕਾਰ ਨੇ ਕਾਫੀ ਦੇਰ ਤੋਂ ਰੋਕ ਰਖਿਆ ਹੈ। ਇਹ ਫੰਡ ਪਿੰਡਾਂ ਦੀਆਂ ਸੜਕਾਂ ਅਤੇ ਮੰਡੀਆਂ ਦੀ ਉਸਾਰੀ ਵਾਸਤੇ ਵਰਤਿਆ ਜਾਂਦਾ ਹੈ ਜਿਹੜਾ ਸਿੱਧੇ ਤੌਰ 'ਤੇ ਪੰਜਾਬ ਦੇ ਖੇਤੀਬਾੜੀ ਸੈਕਟਰ ਨੂੰ ਪ੍ਰਭਾਵਿਤ ਕਰਦਾ ਹੈ।

ਇਸੇ ਪ੍ਰਕਾਰ ਨੈਸ਼ਨਲ ਹੈਲਥ ਮਿਸ਼ਨ ਦੇ 621 ਕਰੋੜ ਰੁਪਏ ਕਾਫੀ ਸਮੇਂ ਤੋਂ ਪੰਜਾਬ ਨੂੰ ਨਹੀਂ ਦਿੱਤੇ ਜਾ ਰਹੇ। 1800 ਕਰੋੜ ਰੁਪਏ ਵਿਸ਼ੇਸ਼ ਸਹਾਇਤਾ ਫੰਡ ਦੇ ਅਤੇ 850 ਕਰੋੜ ਰੁਪੈ ਮੰਡੀਆਂ ਦੇ ਵਿਕਾਸ ਲਈ ਫੰਡ (ਮਾਰਕੀਟ ਡਿਵੈਲਪਮੈਂਟ ਫੰਡ) ਜਿਹੜਾ ਪੰਜਾਬ ਦੇ ਲੋਕਾਂ ਦਾ ਫੰਡ ਹੈ ਉਸਨੂੰ ਵੀ ਧੱਕੜਸ਼ਾਹ ਤਰੀਕੇ ਨਾਲ ਰੋਕ ਰੱਖਿਆ ਹੈ।

ਪੰਜਾਬ ਨੂੰ ਨਸ਼ਿਆਂ ਨੇ ਬੁਰੀ ਤਰ੍ਹਾਂ ਬਰਬਾਦ ਕਰ ਰਖਿਆ ਹੈ ਤੇ ਕੇਂਦਰ ਸਰਕਾਰ ਇਸ ਸੰਬੰਧ ਵਿਚ ਵੀ ਪੰਜਾਬ ਦੀ ਕੋਈ ਸਹਾਇਤਾ ਨਹੀਂ ਕਰ ਰਹੀ ਹੈ , ਜਦੋਂਕਿ ਇਹ ਇਕ ਬਾਰਡਰ ਰਾਜ ਹੈ ਤੇ ਬਾਰਡਰ ਪਾਰੋਂ ਨਸ਼ਾ ਭਾਰੀ ਮਾਤਰਾ ਵਿਚ ਦਖਲਾ ਹੋ ਰਿਹਾ ਹੈ। ਸਾਥੀ ਬਰਾੜ ਨੇ ਆਖਿਆ ਕਿ ਪਿਛਲੇ ਸਮਿਆਂ ਵਿਚ ਕੇਂਦਰ ਦੀ ਮੋਦੀ ਸਰਕਾਰ ਨੇ ਗੁਆਂਢੀ ਪ੍ਰਾਂਤਾਂ ਜਿਥੇ ਭਾਜਪਾ ਦੀਆਂ ਸਰਕਾਰਾਂ ਸਨ, ਜਿਵੇਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੂੰ ਵੀ ਚੋਖੇ ਫੰਡ ਅਦਾ ਕੀਤੇ ਪਰ ਪੰਜਾਬ ਨੂੰ ਇਕ ਪੈਸਾ ਵੀ ਨਹੀਂ ਦਿੱਤਾ ਗਿਆ। ਇਸੇ ਪ੍ਰਕਾਰ ਦਿੱਲੀ ਅਤੇ ਛਤੀਸ਼ਗੜ੍ਹ ਨੂੰ ਵੀ ਕੋਈ ਸਹਾਇਤਾ ਨਹੀਂ ਦਿੱਤੀ ਗਈ। ਸਾਥੀ ਬਰਾੜ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਕੇਰਲਾ ਤੋਂ ਬਾਅਦ ਪੰਜਾਬ ਵਿਚ ਨਸ਼ਿਆਂ ਦੇ ਸੰਬੰਧ ਵਿਚ ਸਭ ਤੋਂ ਵਧ ਗ੍ਰਿਫਤਾਰੀਆਂ ਹੋਈਆਂ ਹਨ। ਸਾਥੀ ਬਰਾੜ ਨੇ ਕਿਹਾ ਕਿ ਕੇਂਦਰ ਪੰਜਾਬ ਨਾਲ ਵਿਤਕਰੇ ਭਰਿਆ ਸਲੂਕ ਬੰਦ ਕਰੇ ਅਤੇ ਬਣਦੇ ਫੰਡਾਂ ਨੂੰ ਤੁਰੰਤ ਅਦਾ ਕੀਤਾ ਜਾਵੇ।

ਸਾਥੀ ਬਰਾੜ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਨਿੰਦਿਆਂ ਕਰਦਿਆਂ ਹੋਇਆਂ ਕਿਹਾ ਹੈ ਕਿ ਇਹ ਸਾਰੀਆਂ ਪਾਰਟੀਆਂ ਅਤੇ ਪੰਜਾਬ ਹਿਤੈਸ਼ੀ ਸ਼ਕਤੀਆਂ ਨੂੰ ਨਾਲ ਲੈ ਕੇ ਕੇਂਦਰ ਤੋਂ ਬਣਦੇ ਹੱਕ ਲੈਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।

ਐੱਸ ਵਾਈ ਐੱਲ 'ਤੇ ਮੁੱਖ ਮੰਤਰੀਆਂ ਦੀ ਮੀਟਿੰਗ 28 ਨੂੰ

ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀਰਵਾਰ ਇਥੇ ਦੱਸਿਆ ਕਿ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਚਰਚਾ ਕਰਨ ਲਈ 28 ਦਸੰਬਰ ਨੂੰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾਈ ਹੈ। ਖੱਟਰ ਨੇ ਕਿਹਾ ਕਿ ਚੰਡੀਗੜ੍ਹ 'ਚ ਹੋਣ ਵਾਲੀ ਮੀਟਿੰਗ 'ਚ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਦੋਵਾਂ ਰਾਜਾਂ ਦੇ ਅਧਿਕਾਰੀ ਵੀ ਸ਼ਾਮਲ ਹੋਣਗੇ।

ਸਿੱਖਿਆ ਸ਼ਾਸਤਰੀਆਂ ਨੂੰ ਨਕੇਲ ਪਾਉਣ ਦੀ ਕੋਸ਼ਿਸ਼

ਨਵੀਂ ਦਿੱਲੀ : ਦਿੱਲੀ ਯੂਨੀਵਰਸਿਟੀ ਨੇ ਆਪਣੇ ਕਰਮਚਾਰੀਆਂ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਦੀ ਵਰਤੋਂ ਸੰਬੰਧੀ ਨੀਤੀ ਬਣਾਉਣ ਲਈ ਕਮੇਟੀ ਕਾਇਮ ਕੀਤੀ ਗਈ ਹੈ। 8 ਦਸੰਬਰ ਨੂੰ ਜਾਰੀ ਕੀਤੇ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ-ਯੂਨੀਵਰਸਿਟੀ ਦੇ ਸਮਰੱਥ ਅਧਿਕਾਰੀ ਵੱਲੋਂ ਕਰਮਚਾਰੀਆਂ ਦੇ ਸੰਬੰਧ 'ਚ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਬਾਰੇ ਨੀਤੀ ਬਣਾਉਣ ਲਈ ਕਮੇਟੀ ਬਣਾਈ ਗਈ ਹੈ। ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ ਨੇ ਦੋਸ਼ ਲਾਇਆ ਕਿ ਇਹ ਕਦਮ ਸੋਸ਼ਲ ਮੀਡੀਆ 'ਤੇ ਯੂਨੀਵਰਸਿਟੀ ਦੀ ਆਲੋਚਨਾ ਕਰਨ ਵਾਲੇ ਸਿੱਖਿਆ ਸ਼ਾਸਤਰੀਆਂ 'ਤੇ ਨਜ਼ਰ ਰੱਖਣ ਲਈ ਚੁੱਕਿਆ ਗਿਆ ਹੈ।

ਹੁਣ ਮਥਰਾ ਦੀ ਸ਼ਾਹੀ ਈਦਗਾਹ ਦਾ ਸਰਵੇ ਹੋਵੇਗਾ

ਪ੍ਰਯਾਗਰਾਜ : ਮਥੁਰਾ 'ਚ ਸ੍ਰੀਕ੍ਰਿਸ਼ਨ ਜਨਮ ਭੂਮ

15-DEC-PAGE-1.qxd 12/14/2023 10:24 PM Page 2

ਸ੍ਰੀ ਫਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਅੰਮ੍ਰਿਤ ਸੰਚਾਰ

ਨਾਭਾ (ਵਰਿੰਦਰ ਵਰਮਾ)-ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਨਾਭਾ ਵਿਖੇ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਪੰਜ ਪਿਆਰੇ ਸਾਹਿਬਾਨਾਂ ਨੇ ਉਚੇਚੇ ਤੌਰ ਤੇ ਪਹੁੰਚ ਕੇ 105 ਅਭਿਲਾਖੀ ਪ੍ਰਾਣੀਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਅੰਮ੍ਰਿਤਪਾਨ ਕਰਵਾਇਆ। ਲੋੜਵੰਦਾਂ ਨੂੰ ਕਕਾਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ (ਧਰਮ ਪ੍ਰਚਾਰ ਕਮੇਟੀ) ਵੱਲੋਂ ਭੇਟਾ ਰਹਿਤ ਦਿੱਤੇ ਗਏ। ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (ਹਲਕਾ ਭਾਦਸੋਂ) ਨੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਵਾਲਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਪੰਜ ਪਿਆਰੇ ਸਾਹਿਬਾਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਿੰਘਾਂ ਨੇ ਪਿੰਡਾਂ ਵਿੱਚ ਜਾ ਕੇ ਸੰਗਤਾਂ ਨੂੰ ਪ੍ਰੇਰਨਾ ਕਰਕੇ ਅੰਮ੍ਰਿਤ ਦੀ ਮਹੱਤਤਾ ਤੋਂ ਜਾਣੂ ਕਰਵਾਇਆ।14 ਦਸੰਬਰ ਨੂੰ ਗੁਰਦੁਆਰਾ ਸ੍ਰੀ ਚੌਬਾਰਾ ਸਾਹਿਬ ਛੀਟਾਂਵਾਲਾ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਲੌਕਿਕ ਨਗਰ ਕੀਰਤਨ ਸਵੇਰੇ 8 ਵਜੇ ਸ੍ਰੀ ਫ਼ਤਹਿਗੜ੍ਹ ਸਾਹਿਬ ਲਈ ਰਵਾਨਾ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਘੇ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ, ਹਰਮਿੰਦਰ ਸਿੰਘ ਸੁਪਰਵਾਈਜ਼ਰ, ਗੁਰਲਾਲ ਸਿੰਘ ਨਲੀਨੀ ਮੈਨੇਜਰ, ਗ੍ਰੰਥੀ ਬਹਾਦਰ ਸਿੰਘ ਅਤੇ ਸਮੁੱਚੇ ਪ੍ਰਚਾਰਕ ਸਿੰਘ ਹਾਜ਼ਰ ਸਨ।

2015 'ਚ ਜੋ ਹੋਇਆ, ਉਹ ਗਲਤੀ ਨਹੀਂ, ਗੁਨਾਹ ਸੀ : ਕੰਗ

ਚੰਡੀਗੜ੍ਹ (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਬੇਅਦਬੀ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮੁਆਫੀਨਾਮੇ ਦੇ ਭਾਸ਼ਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਡਰਾਮਾ ਅਤੇ ਮਗਰਮੱਛ ਦੇ ਹੰਝੂ ਦੱਸਿਆ ਹੈ। 'ਆਪ' ਨੇ ਕਿਹਾ ਕਿ 8 ਸਾਲਾਂ ਬਾਅਦ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਆਪਣੀਆਂ ਗਲਤੀਆਂ ਲਈ ਮੁਆਫੀ ਮੰਗ ਰਹੇ ਹਨ, ਜਦੋਂ ਅਸਲ ਵਿੱਚ ਬੇਅਦਬੀ ਦੀਆਂ ਘਟਨਾਵਾਂ ਅਤੇ ਸਿੱਖ ਸੰਗਤਾਂ 'ਤੇ ਗੋਲੀ ਚਲਾਉਣਾ ਗਲਤੀ ਨਹੀਂ, ਸਗੋਂ ਅਪਰਾਧ ਸੀ। ਵੀਰਵਾਰ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 2015 ਵਿੱਚ ਜੋ ਹੋਇਆ, ਉਹ ਗਲਤੀ ਨਹੀਂ, ਸਗੋਂ ਇੱਕ ਗੁਨਾਹ ਸੀ, ਇਸ ਲਈ ਅਪਰਾਧ ਵਜੋਂ ਮੁਆਫੀ ਮੰਗਣ ਦੀ ਕੋਈ ਸੰਭਾਵਨਾ ਨਹੀਂ, ਸਗੋਂ ਸਜ਼ਾ ਦਿੱਤੀ ਜਾਵੇਗੀ। 'ਆਪ' ਆਗੂ ਨੇ ਕਿਹਾ ਕਿ ਅੱਜ ਸੁਖਬੀਰ ਬਾਦਲ ਕਹਿ ਰਿਹੇ ਹਨ ਕਿ ਇਨ੍ਹਾਂ ਘਟਨਾਵਾਂ ਨੂੰ ਆਪਣੇ ਸਿਆਸੀ ਫਾਇਦੇ ਲਈ ਵਰਤਣ ਵਾਲਿਆਂ ਦਾ ਪਰਦਾ ਫਾਸ਼ ਕੀਤਾ ਜਾਵੇਗਾ, ਪਰ ਅਸੀਂ ਸਾਰੇ ਜਾਣਦੇ ਹਾਂ ਕਿ ਇਹ ਅਕਾਲੀ ਦਲ ਅਤੇ ਬਾਦਲ ਪਰਵਾਰ ਹੀ ਸੀ, ਜਿਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਆਪਣੇ ਸਿਆਸੀ ਫਾਇਦੇ ਲਈ ਵਰਤਿਆ ਅਤੇ ਦੋਸ਼ੀਆਂ ਦਾ ਸਾਥ ਦਿੱਤਾ।

ਕੰਗ ਨੇ ਕਿਹਾ ਕਿ ਅਕਾਲੀ ਦਲ ਬਾਦਲ ਨੂੰ ਪੰਥ ਅਤੇ ਸਿੱਖਾਂ ਦੀ ਕੋਈ ਪ੍ਰਵਾਹ ਨਹੀਂ। ਸੁਖਬੀਰ ਬਾਦਲ ਦੀ ਸਰਕਾਰ ਵਿੱਚ ਪੰਜਾਬ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਇਨ੍ਹਾਂ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਰੋਸ ਪ੍ਰਦਰਸ਼ਨ ਕਰ ਰਹੀਆਂ ਸਿੱਖ ਸੰਗਤਾਂ 'ਤੇ ਗੋਲੀਆਂ ਚਲਾ ਕੇ ਦੋ ਬੇਕਸੂਰ ਲੋਕਾਂ ਦੀ ਜਾਨ ਲੈ ਲਈ। ਉਹ ਖੁਦ ਇਸ ਮਾਮਲੇ 'ਚ ਦੋਸ਼ੀ ਹਨ, ਇਸ ਲਈ ਦੋਸ਼ੀ ਨੂੰ ਸਜ਼ਾ ਨਹੀਂ ਦੇ ਸਕਦੇ, ਇਹ ਸੰਭਵ ਨਹੀਂ, ਪਰ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਅਤੇ ਬਾਦਲ ਪਰਵਾਰ ਨੂੰ ਸਜ਼ਾ ਦੇ ਕੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

ਕੰਗ ਨੇ ਕਿਹਾ ਕਿ ਹੁਣ ਸੁਖਬੀਰ ਬਾਦਲ ਮੁਆਫੀ ਮੰਗ ਰਹੇ ਹਨ ਅਤੇ ਕਹਿ ਰਹੇ ਹਨ ਕਿ ਉਹ ਸਾਜ਼ਿਸ਼ਕਰਤਾਵਾਂ ਨੂੰ ਫੜਨ ਵਿੱਚ ਅਸਮਰੱਥ ਰਹੇ ਹਨ, ਪਰ ਪਿੱਛੇ ਜਿਹੇ ਕੁਝ ਲੋਕਾਂ ਦੇ ਗ੍ਰਿਫਤਾਰ ਹੋਣ ਤੋਂ ਬਾਅਦ ਉਨ੍ਹਾਂ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਇਨ੍ਹਾਂ ਘਟਨਾਵਾਂ ਦੇ ਮੁਲਜ਼ਮ ਵਜੋਂ ਉਨ੍ਹਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਉਹਨਾ ਪੰਜਾਬੀਆਂ ਨੂੰ ਸੁਖਬੀਰ ਸਿੰਘ ਬਾਦਲ ਦੇ ਡਰਾਮੇ ਅਤੇ ਮਗਰਮੱਛ ਦੇ ਹੰਝੂਆਂ ਦੇ ਜਾਲ ਵਿਚ ਨਾ ਆਉਣ ਦੀ ਅਪੀਲ ਕੀਤੀ।

ਬੁਨਿਆਦੀ ਗੁਣਾਤਮਕ ਸਿੱਖਿਆ ਦੇ ਮਕਸਦ ਲਈ ਪੰਜਾਬ ਸਰਕਾਰ ਵੱਲੋਂ ਚਲਾਇਆ ਗਿਆ ਮਿਸ਼ਨ ਸਮਰੱਥ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਦੌਲਤ ਰਾਮ ਤੇ ਉਪ ਜਿਲ੍ਹਾ ਸਿੱਖਿਆ ਅਫ਼ਸਰ ਅੰਜੂ ਸੇਠੀ ਦੇ ਨਿਰਦੇਸ਼ਾਂ ਤਹਿਤ ਬੱਚਿਆਂ ਨੂੰ ਗੁਣਾਤਮਕ ਤੇ ਬੁਨਿਆਦੀ ਸਿੱਖਿਆ ਦੇਣ ਲਈ ਚਲਾਏ ਜਾ ਰਹੇ ਮਿਸ਼ਨ ਸਮਰੱਥ ਅਧੀਨ ਜ਼ਿਲੇ ਦੇ ਸਿੱਖਿਆ ਬਲਾਕ ਫ਼ਾਜ਼ਿਲਕਾ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪ੍ਰਮੋਦ ਕੁਮਾਰ ਨੇ ਸਰਹੱਦੀ ਖੇਤਰ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦਾ ਦੌਰਾ ਕੀਤਾ।

ਇਸ ਮੌਕੇ ਉਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਗੁਣਾਤਮਕ ਤੇ ਬੁਨਿਆਦੀ ਸਿੱਖਿਆ ਦੇਣ ਲਈ ਚਲਾਏ ਜਾ ਰਹੇ ਮਿਸ਼ਨ ਸਮਰੱਥ ਅਧੀਨ ਤੀਜੀ, ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਵਿਭਾਗ ਦੇ ਪੋਰਟਲ ਅਨੁਸਾਰ ਜਾਂਚ ਕੀਤੀ ਤੇ ਪਾਈ ਗਈ ਘਾਟ ਬਾਰੇ ਸਕੂਲ ਮੁਖੀਆਂ ਤੇ ਸੰਬੰਧਤ ਅਧਿਆਪਕਾਂ ਨੂੰ ਮੌਕੇ ਤੇ ਨਿਰਦੇਸ਼ ਦਿੱਤੇ।ਵਧੇਰੇ ਜਾਣਕਾਰੀ ਦਿੰਦਿਆਂ ਬੀ ਪੀ ਈ ਓ ਪ੍ਰਮੋਦ ਕੁਮਾਰ ਨੇ ਕਿਹਾ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ ਨੀਂਹ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸਿੱਖਿਆ ਮੰਤਰੀ ਪੰਜਾਬ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦਾ ਡ੍ਰੀਮ ਪ੍ਰੋਜੈਕਟ ਮਿਸ਼ਨ ਸਮਰੱਥ ਪਿਛਲੇ ਮਹੀਨੇ ਲਾਂਚ ਕੀਤਾ ਗਿਆ ਹੈ ਜਿਸ ਅਧੀਨ ਵਿਭਾਗ ਦੇ ਸਿੱਖਿਆ ਸਕੱਤਰ ਕੇ ਕੇ ਯਾਦਵ ਆਈ ਏ ਐਸ ਦੇ ਹੁਕਮਾਂ ਅਨੁਸਾਰ ਉਹ ਅਤੇ ਉਸਦੀਆਂ ਟੀਮਾਂ ਵੱਲੋਂ ਸਕੂਲਾਂ ਵਿਚ ਜਾ ਕੇ ਜਾਂਚ ਕੀਤੀ ਜਾ ਰਹੀ ਹੈ ਜਿਸ ਵਿਚ ਮੰਗਲਵਾਰ ਤੇ ਬੁੱਧਵਾਰ ਨੂੰ ਬਲਾਕ ਦੇ ਸਰਹੱਦੀ ਖੇਤਰਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਾ ਭੈਣੀ, ਰੇਤੇ ਵਾਲੀ ਭੈਣੀ, ਤੇਜਾ ਰੂਹੇਲਾ, ਝੰਗੜ ਭੈਣੀ, ਢਾਣੀ ਸੱਦਾ ਸਿੰਘ, ਮਨਸਾ ਬ੍ਰਾਂਚ ਦੇ ਸਕੂਲਾਂ ਵਿੱਚ ਪੜ੍ਹਾਈ ਦੇ ਪੱਧਰ ਅਤੇ ਹੋਰ ਕੰਮਾਂ ਦੀ ਜਾਂਚ ਤੇ ਸਮੀਖਿਆ ਕੀਤੀ ਗਈ ਤੇ ਵਧੀਆ ਅਧਿਆਪਕਾਂ ਦੀ ਸ਼ਲਾਘਾ ਕੀਤੀ ਗਈ ਹੈ ਤੇ ਲੋੜ ਅਨੁਸਾਰ ਦਿਸ਼ਾ ਨਿਰਦੇਸ਼ ਵੀ ਮੌਕੇ ਤੇ ਦਿੱਤੇ ਗਏ।ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਅਸਲ ਸਮਾਰਟ ਬਣਾਉਣ ਲਈ ਵੀ ਵਿਜ਼ਿਟ ਦੌਰਾਨ ਉਪਰਾਲੇ ਕੀਤੇ ਗਏ, ਜਿਵੇਂ ਕਿ ਸਵੇਰ ਦੀ ਸਭਾ, ਸਕੂਲ, ਜਮਾਤਾਂ ਅਤੇ ਮੁੱਖ ਗੇਟ ਦੇ ਆਲੇ ਦੁਆਲੇ ਦੀ ਸਫਾਈ, ਵੱਖ ਵੱਖ ਗਤੀਵਿਧੀਆਂ ਰਜਿਸਟਰ, ਲਾਇਬ੍ਰੇਰੀ ਬੁੱਕ ਈਸ਼ੂ ਰਜਿਸਟਰ, ਮਿਡ ਡੇ ਮੀਲ, ਕੈਸ਼ ਬੁੱਕ ਰਜਿਸਟਰ, ਵੱਖ ਵੱਖ ਉਸਾਰੀ ਚਾਰਦੀਵਾਰੀ ਦੀਆਂ ਗਰਾਂਟਾ ਦਾ ਨਿਰੀਖਣ ਤੇ ਕੈਸ਼ ਬੁੱਕ ਪੋਸਟ ਫਾਇਲ ਆਦਿ ਦੀ ਘੋਖ ਕੀਤੀ ਗਈ ਤੇ ਮੌਕੇ 'ਤੇ ਯੋਗ ਨਿਰਦੇਸ਼ ਸਕੂਲ ਮੁੱਖੀ ਅਤੇ ਅਧਿਆਪਕਾਂ ਨੂੰ ਦਿੱਤੇ ਗਏ ਤਾਂ ਜੁ ਵਿਭਾਗ ਅਨੁਸਾਰ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਲਈ ਬੁਨਿਆਦੀ ਢਾਂਚੇ ਤੇ ਸਹੂਲਤਾਂ ਮੁਹੱਈਆ ਕਰਾਉਣ ਲਈ ਪ੍ਰਾਪਤ ਗਰਾਂਟਾ ਦਾ ਸਦਉਪਯੋਗ ਹੋ ਸਕੇ।

'ਆਪਦਾ ਮਿੱਤਰ' ਕੈਂਪ ਤਹਿਤ ਅੱਗ ਤੋਂ ਬਚਾਅ ਦੀਆਂ ਤਕਨੀਕਾਂ ਬਾਰੇ ਸਿਖਲਾਈ ਦਿੱਤੀ

ਸੰਗਰੂਰ (ਪ੍ਰਵੀਨ ਸਿੰਘ)-ਆਪਦਾ ਮਿੱਤਰ ਯੋਜਨਾ ਤਹਿਤ ਐਨ.ਡੀ.ਐਮ.ਏ, ਐਸ.ਡੀ.ਐਮ.ਏ, ਡੀ .ਡੀ. ਐਮ .ਏ ਅਤੇ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ ਚੰਡੀਗੜ੍ਹ ਦੁਆਰਾ ਡਾ. ਯੋਗ ਸਿੰਘ ਭਾਟੀਆ ਦੀ ਅਗਵਾਈ ਅਧੀਨ ਆਪਦਾ ਪ੍ਰਬੰਧਨ ਵਿੱਚ ਮੁਹਾਰਤ ਹਾਸਲ ਟੀਮ ਵੱਲੋਂ 12 ਰੋਜ਼ਾ ਸਿਖਲਾਈ ਕੈਂਪ ਜਾਰੀ ਹੈ। ਟੀਮ ਨੇ ਵਲੰਟੀਅਰਾਂ ਨੂੰ ਅੱਗ ਲੱਗਣ ਦੀ ਸਥਿਤੀ ਨਾਲ ਨਜਿੱਠਣ ਵਿੱਚ ਮਾਹਿਰ ਸਿੱਖਿਅਕਾਂ ਦੁਆਰਾ ਅੱਗ ਤੋਂ ਬਚਾਓ ਦੀਆਂ ਤਕਨੀਕਾਂ ਤੇ ਜ਼ੋਖ਼ਮ ਨੂੰ ਘਟਾਉਣ ਲਈ ਵਰਤੀਆਂ ਜਾਣ ਵਾਲੀਆਂ ਤਕਨੀਕਾਂ ਬਾਰੇ ਦੱਸਿਆ ਗਿਆ। ਇਸ ਦੇ ਨਾਲ ਹੀ ਅੱਗ ਬੁਝਾਉਣ ਵਿੱਚ ਮੁਹਾਰਤ ਹਾਸਲ ਟੀਮ ਵੱਲੋਂ ਅੱਗ ਬੁਝਾਊ ਯੰਤਰਾਂ ਦੇ ਨਾਲ ਵਲੰਟੀਅਰਾਂ ਨੂੰ ਪ੍ਰੈਕਟੀਕਲ ਕਰ ਕੇ ਹਰ ਆਫ਼ਤ ਨਾਲ ਨਜਿੱਠਣ ਦੀ ਸਿਖਲਾਈ ਦਿੱਤੀ, ਜਿਸ ਵਿੱਚ ਵਲੰਟੀਅਰਾਂ ਨੂੰ ਅਕਾਦਮਿਕ ਸੈਸ਼ਨ ਦੇ ਨਾਲ-ਨਾਲ ਸਰੀਰਕ ਗਤੀਵਿਧੀਆਂ ਦੁਆਰਾ ਅਤੇ ਡੈਮੋਨਸਟ੍ਰੇਸ਼ਨ ਦੁਆਰਾ ਸਿਖਲਾਈ ਦਿੱਤੀ ਜਾ ਰਹੀ ਹੈ ਤੇ ਵਲੰਟੀਅਰਾਂ ਤੋਂ ਪ੍ਰੈਕਟੀਕਲ ਵੀ ਕਰਾਏ ਜਾਂਦੇ ਹਨ। ਇਸ ਤੋਂ ਇਲਾਵਾ ਵਲੰਟੀਅਰਾਂ ਨੂੰ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਘਟਣ ਦੀ ਸਥਿਤੀ ਨੂੰ ਦੇਖਦੇ ਹੋਏ ਸੋਕੇ ਦੀ ਸਥਿਤੀ ਨਾਲ ਨਜਿੱਠਣ, ਪਾਣੀ ਦੀ ਬੱਚਤ ਕਰਨ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਦੁਰਘਟਨਾ ਕਾਰਨ ਲੱਗਣ ਵਾਲੀਆਂ ਸੱਟਾਂ, ਗੁੰਮ ਸੱਟਾਂ, ਅੰਗਾਂ ਦੇ ਕੱਟ ਕੇ ਅਲੱਗ ਹੋਣ ਅਤੇ ਕਿਸੇ ਵੀ ਤੇਜ਼ਧਾਰ ਜਾਂ ਨੁਕੀਲੀ ਚੀਜ਼ ਦੇ ਖੁੱਭਣ ਕਾਰਨ ਦਿੱਤੀ ਜਾਂਦੀ ਮੁੱਢਲੀ ਸਹਾਇਤਾ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ ਨਾਲ ਹੀ ਸੀ.ਪੀ.ਆਰ ਦੇਣ ਦੀ ਤਕਨੀਕ ਦੀ ਸਿਖਲਾਈ ਦੇ ਨਾਲ-ਨਾਲ ਵਲੰਟੀਅਰਾਂ ਤੋਂ ਸੀ.ਪੀ.ਆਰ ਦੇਣ ਦਾ ਅਭਿਆਸ ਕਰਾਇਆ ਗਿਆ।

ਪੇਂਡੂ-ਡਾਕ ਕਰਮਚਾਰੀਆਂ ਦੀ ਹੜਤਾਲ ਦੂਜੇ ਦਿਨ ਵੀ ਜਾਰੀ

ਜਗਰਾਉਂ (ਸੰਜੀਵ ਅਰੋੜਾ)

ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਯੂਨੀਅਨ ਲੁਧਿਆਣਾ ਵੱਲੋਂ ਜਨਰਲ ਸੈਕਟਰੀ ਐਸ. ਐਸ. ਮਹਾਦਵੀਆ ਦੇ ਹੁਕਮਾਂ ਅਨੁਸਾਰ ਪੂਰੇ ਭਾਰਤ 'ਚ ਜੀ. ਡੀ. ਐਸ. ਸਾਥੀਆਂ ਦੀਆਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਦੀ ਹੜਤਾਲ ਦਾ ਐਲਾਨ ਕੀਤਾ ਗਿਆ ਸੀ, ਉਸ ਦੇ ਸਬੰਧ ਯੂਨੀਅਨ ਵੱਲੋਂ ਹੈੱਡ ਆਫਿਸ ਖੰਨਾ ਤੇ ਜਗਰਾਉਂ ਦੇ ਸਾਹਮਣੇ ਬੈਠ ਕੇ ਸੰਘਰਸ਼ ਦਾ ਬਿਗਲ ਵਜਾ ਦਿੱਤਾ ਗਿਆ ਹੈ। ਸਾਥੀਆਂ ਨੇ ਆਪਣੀਆਂ ਮੰਗਾਂ ਦੇ ਆਖਿਆ ਕਿ ਸਾਡੀਆਂ ਮੰਗਾਂ ਜਾਇਜ਼ ਹਨ। ਸਰਕਾਰ ਸਾਨੂੰ ਹਰ ਵਰ ਮਿੱਠੀਆਂ ਗੋਲੀਆਂ ਦੇ ਕੇ ਭਰੋਸੇ ਵਿਚ ਲੈ ਲਿਆ ਹੈ, ਪਰ ਬਾਅਦ 'ਚ ਮੁਕਰ ਜਾਂਦੀ ਹੈ। ਇਸ ਲਈ ਸਾਰੇ ਬੁਲਾਰਿਆਂ ਨੇ ਸਰਕਾਰ ਨੂੰ ਆੜੇ ਹੱਥੀਂ ਲਿਆ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਸਾਡੀਆਂ ਮੰਗਾਂ, ਜਿਨ੍ਹਾਂ 'ਚ 8 ਘੰਟੇ ਦੀ ਡਿਊਟੀ ਅਤੇ 8 ਘੰਟੇ ਦੀ ਤਨਖਾਹ, ਸਿਵਿਲ ਸਰਵੈਂਟ ਦਾ ਦਰਜਾ, ਗਰੈਜੂਟੀ 5 ਲੱਖ ਕੀਤੀ ਜਾਵੇ ਤੇ 180 ਦਿਨ ਦੀ ਛੁੱਟੀ ਮਰਜ਼ ਕੀਤੀ ਜਾਵੇ, ਪੈਨਸ਼ਨ ਅਤੇ ਪੱਕੇ ਮੁਲਾਜ਼ਮ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ ਆਦਿ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਸਮੇਂ 'ਚ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਸੈਕਟਰੀ ਡਾ: ਅਜੈਬ ਸਿੰਘ ਧੂਲਕੋਟ, ਪ੍ਰਧਾਨ ਨਿਰਭੈ ਸਿੰਘ ਦਾਖਾ, ਕੈਸ਼ੀਅਰ ਕੁਲਦੀਪ ਸਿੰਘ ਨੱਥੋਵਾਲ, ਉਪ ਪ੍ਰਧਾਨ ਅਵਤਾਰ ਸਿੰਘ ਘੁੰਗਰਾਲੀ, ਪ੍ਰੇਮ ਸਿੰਘ ਲਖਾ, ਅਵਤਾਰ ਸਿੰਘ ਭੈਣੀ ਦਰੇੜਾਂ, ਹਮੀਰ ਸਿੰਘ ਸਹਿਬਾਜਪੁਰਾ, ਰਾਜਵਿੰਦਰ ਸਿੰਘ ਰਾਜੋਆਣਾ, ਕੁਲਦੀਪ ਸਿੰਘ ਡੱਲਾ, ਸੰਤੋਖ ਸਿੰਘ ਲਿੱਤਰ, ਹਰੀਸ਼ ਸਿੰਘ ਤਲਵੰਡੀ, ਹਰਦੀਪ ਸਿੰਘ, ਰੀਤੂ ਗੋਇਲ ਚੌਕੀਮਾਨ ਤੇ ਜੋਤੀ ਤੁਗਲ ਆਦਿ ਹਾਜ਼ਰ ਸਨ।

ਦਰੱਖਤ ਤੋਂ ਡਿੱਗਣ ਕਾਰਨ ਜ਼ਖ਼ਮੀ ਵਿਅਕਤੀ ਦੀ ਇਲਾਜ ਦੌਰਾਨ ਮੌਤ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਪਿੰਡ ਮੌਜਮ ਵਿੱਚ ਦਰੱਖਤ ਤੋਂ ਡਿੱਗਣ ਕਾਰਨ ਇੱਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ, ਜਿਸ ਤੋਂ ਬਾਅਦ ਉਸਦੇ ਪਰਵਾਰਕ ਮੈਂਬਰ ਉਸਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਫਾਜ਼ਿਲਕਾ ਪਹੁੰਚੇ। ਪਰਿਵਾਰਕ ਮੈਂਬਰਾਂ ਨੇ ਉਸ ਦੀ ਮੌਤ ਲਈ ਆਪਣੇ ਗੁਆਂਢੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਇਸ ਮੌਕੇ ਮ੍ਰਿਤਕ ਅਮਰ ਸਿੰਘ (55) ਦੀ ਪੁੱਤਰੀ ਸਰੋਜ ਰਾਣੀ ਨੇ ਦੱਸਿਆ ਕਿ ਬੀਤੀ 22 ਨਵੰਬਰ ਨੂੰ ਉਨ੍ਹਾਂ ਦੇ ਗੁਆਂਢ ਵਿੱਚ ਰਹਿਣ ਵਾਲਾ ਹਰਮੇਸ਼ ਸਿੰਘ ਉਸ ਦੇ ਪਿਤਾ ਨੂੰ ਕਣਕ ਦੀ ਬਿਜਾਈ ਕਰਾਉਣ ਲਈ ਕਹਿ ਕੇ ਆਪਣੇ ਨਾਲ ਲੈ ਗਿਆ। ਇਸ ਤੋਂ ਬਾਅਦ ਲੱਕੜਾਂ ਕੱਟਣ ਲਈ ਉਸ ਨੂੰ ਦਰੱਖਤ 'ਤੇ ਚੜ੍ਹਾਇਆ ਗਿਆ ਅਤੇ ਦਰੱਖਤ ਤੋਂ ਡਿੱਗ ਕੇ ਉਸ ਦੀ ਰੀੜ੍ਹ ਦੀ ਹੱਡੀ ਟੁੱਟ ਗਈ।

15-Dec-PAGE-3.qxd 12/14/2023 10:38 PM Page 1

ਬੰਦੀ ਸਿੰਘਾਂ ਦੀ ਰਿਹਾਈ ਲਈ 20 ਦੇ ਦਿੱਲੀ ਪ੍ਰਦਰਸ਼ਨ 'ਚ ਵੱਡੀ ਸ਼ਮੂਲੀਅਤ ਲਈ ਯਤਨ ਤੇਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ 20 ਦਸੰਬਰ ਨੂੰ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਤੋਂ ਰਾਸ਼ਟਰਪਤੀ ਭਵਨ ਤੱਕ ਕੀਤੇ ਜਾ ਰਹੇ ਪੰਥਕ ਪ੍ਰਦਰਸ਼ਨ ਵਿਚ ਸਮੁੱਚੀਆਂ ਜਥੇਬੰਦੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਅੱਜ ਇਥੇ ਸੰਤ ਸਮਾਜ ਅਤੇ ਕਾਰਸੇਵਾ ਸੰਪ੍ਰਦਾਵਾਂ ਦੇ ਮੁਖੀਆਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਵੱਡੀ ਗਿਣਤੀ ਵਿਚ ਕਾਰਸੇਵਾ ਵਾਲੇ ਮਹਾਂਪੁਰਖਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਾਜ਼ਰ ਧਾਰਮਿਕ ਸ਼ਖ਼ਸੀਅਤਾਂ ਨੇ ਦਿੱਲੀ ਵਿਖੇ ਪੰਥਕ ਪ੍ਰਦਰਸ਼ਨ ਮੌਕੇ ਜਿਥੇ ਭਰਵੀਂ ਸ਼ਮੂਲੀਅਤ ਦਾ ਭਰੋਸਾ ਦਿੱਤਾ, ਉਥੇ ਹੀ ਲੰਗਰਾਂ ਦੀਆਂ ਸੇਵਾਵਾਂ ਵੀ ਆਪਣੇ ਜ਼ੁੰਮੇ ਲਈਆਂ। ਵੱਖ-ਵੱਖ ਸ਼ਖ਼ਸੀਅਤਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਤਿ ਅਹਿਮ ਕੌਮੀ ਮਸਲਾ ਹੈ, ਜਿਸ ਦੇ ਹੱਲ ਲਈ ਕਾਰਸੇਵਾ ਸੰਪ੍ਰਦਾਵਾਂ ਭਰਪੂਰ ਯੋਗਦਾਨ ਪਾਉਣਗੀਆਂ। ਬੁਲਾਰਿਆਂ ਨੇ ਕਿਹਾ ਕਿ 20 ਦਸੰਬਰ ਦਾ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਕੀਤਾ ਜਾ ਰਿਹਾ ਪ੍ਰਦਰਸ਼ਨ ਸਮੁੱਚੀ ਕੌਮ ਦਾ ਸਾਂਝਾ ਪ੍ਰੋਗਰਾਮ ਹੈ, ਜਿਸ

ਨੂੰ ਸਫ਼ਲ ਬਣਾਉਣ ਲਈ ਮੋਹਰੀ ਭੂਮਿਕਾ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੌਕੇ ਲੰਗਰਾਂ ਅਤੇ ਰਹਿਣ ਸਹਿਣ ਦੇ ਪ੍ਰਬੰਧ ਵੀ ਕਾਰਸੇਵਾ ਸੰਪ੍ਰਦਾਵਾਂ ਵੱਧ ਤੋਂ ਵੱਧ ਕਰਨਗੀਆਂ ਅਤੇ ਇਸ ਦੇ ਨਾਲ ਹੀ ਸੰਗਤ ਦੀ ਵੱਡੀ ਸ਼ਮੂਲੀਅਤ ਲਈ ਵੀ ਯਤਨ ਕੀਤੇ ਜਾਣਗੇ। ਇਸ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ 'ਤੇ 20 ਦਸੰਬਰ ਵਾਲੇ ਕੌਮ ਦੇ ਸਾਂਝੇ ਦਿੱਲੀ ਪ੍ਰਦਰਸ਼ਨ ਸਬੰਧੀ ਹਰ ਪਿਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਸਭਨਾਂ ਵੱਲੋਂ ਹੀ ਹਾਂਪੱਖੀ ਹੁੰਗਾਰਾ ਭਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਵੀ ਸ਼ਿਰਕਤ ਕਰਨਗੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਪ੍ਰਦਰਸ਼ਨ ਬਿਲਕੁਲ ਸ਼ਾਂਤੀਮਈ ਹੋਵੇਗਾ, ਜੋ ਕੇਵਲ ਸ਼੍ਰੋਮਣੀ ਕਮੇਟੀ ਦੇ ਬੈਨਰ ਹੇਠ ਹੀ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿਚ ਸਭ ਨੂੰ ਸਹਿਯੋਗ ਲਈ ਸੱਦਾ ਦਿੱਤਾ ਗਿਆ ਹੈ ਅਤੇ ਵੱਖ-ਵੱਖ ਸੰਪ੍ਰਦਾਵਾਂ ਅਤੇ ਜਥੇਬੰਦੀਆਂ ਨਾਲ ਮੀਟਿੰਗਾਂ ਦੇ ਨਾਲ-ਨਾਲ ਟੈਲੀਫੋਨ ਰਾਹੀਂ ਵੀ ਸੰਪਰਕ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸੰਪੂਰਨ ਕੀਤੀ ਦਸਤਖ਼ਤੀ ਮੁਹਿੰਮ ਦੌਰਾਨ ਭਰੇ ਗਏ 26 ਲੱਖ ਪ੍ਰੋਫਾਰਮੇ ਵੀ ਰਾਸ਼ਟਰਪਤੀ ਭਵਨ ਤੱਕ ਲਿਜਾਏ ਜਾਣਗੇ, ਤਾਂ ਜੋ ਸੰਗਤੀ ਅਵਾਜ਼ ਸਰਕਾਰਾਂ ਤੱਕ ਪੁੱਜ ਸਕੇ। ਉਨ੍ਹਾਂ ਇਸ ਪ੍ਰਦਰਸ਼ਨ ਦੌਰਾਨ ਸਹਿਯੋਗ ਦਾ ਭਰੋਸਾ ਦੇਣ ਵਾਲੀਆਂ ਸਾਰੀਆਂ ਧਿਰਾਂ ਦਾ ਧੰਨਵਾਦ ਕੀਤਾ ਅਤੇ ਜਨਤਕ ਤੌਰ 'ਤੇ ਅਪੀਲ ਕੀਤੀ ਕਿ ਕੌਮੀ ਕਾਰਜ ਵਿਚ ਵੱਧ ਤੋਂ ਵੱਧ ਜਥੇਬੰਦੀਆਂ ਅਤੇ ਸੰਗਤਾਂ ਸ਼ਮੂਲੀਅਤ ਕਰਨ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਰਾਮ ਸਿੰਘ, ਦਰਸ਼ਨ ਸਿੰਘ ਬਰਾੜ, ਚਰਨਜੀਤ ਸਿੰਘ ਕਾਲੇਵਾਲ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਬਾਬਾ ਸੁਖਦੇਵ ਸਿੰਘ ਮੁੱਖ ਬੁਲਾਰਾ ਅਤੇ ਬਾਬਾ ਸਾਹਬ ਸਿੰਘ ਦਮਦਮੀ ਟਕਸਾਲ, ਕਾਰਸੇਵਾ ਵਾਲੇ ਮਹਾਂਪੁਰਖਾਂ ਵਿੱਚੋਂ ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਭਿੰਦਾ ਸਿੰਘ, ਬਾਬਾ ਟੇਕ ਸਿੰਘ ਧੰਨੋਲਾ, ਬਾਬਾ ਨਾਰ ਸਿੰਘ ਸਾਧ ਜੀ, ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ, ਬਾਬਾ ਜਸਬੀਰ ਸਿੰਘ ਕਾਰਸੇਵਾ ਤਰਨ ਤਾਰਨ, ਬਾਬਾ ਅਮਰੀਕ ਸਿੰਘ ਪਟਿਆਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਹਰਜੀਤ ਸਿੰਘ ਫਗਵਾੜੇ ਵਾਲੇ, ਬਾਬਾ ਅਜੈਬ ਸਿੰਘ ਮੱਖਣਵਿੰਡੀ, ਬਾਬਾ ਨਿਰਮਲ ਸਿੰਘ ਮੌਂ ਸਾਹਿਬ, ਬਾਬਾ ਜੱਗਾ ਸਿੰਘ ਸੇਵਕਪੁਰੀ, ਬਾਬਾ ਪ੍ਰਗਟ ਸਿੰਘ ਸਰਹਾਲੀ ਸਾਹਿਬ, ਬਾਬਾ ਸਤਨਾਮ ਸਿੰਘ ਗੁਰੂ ਕਾ ਬਾਗ ਸਮੇਤ ਵੱਡੀ ਗਿਣਤੀ ਵਿਚ ਕਾਰਸੇਵਾ ਸੰਪ੍ਰਦਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

ਪੰਚਾਇਤੀ ਫਿਰਨੀ ਉੱਪਰ ਹੋਏ ਨਜਾਇਜ਼ ਕਬਜ਼ੇ ਨੂੰ ਛੁਡਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਡਿਪਟੀ ਕਮਿਸਨਰ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ ਅਤੇ ਹਲਕਾ ਇਨਚਾਰਜ ਆਮ ਆਦਮੀ ਪਾਰਟੀ ਡੇਰਾ ਬਾਬਾ ਨਾਨਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਪਿੰਡ ਸ਼ਾਹਪੁਰ ਜਾਜਨ ਦੀ ਪੰਚਾਇਤੀ ਫਿਰਨੀ ਉੱਪਰ ਹੋਏ ਨਜਾਇਜ਼ ਕਬਜ਼ਿਆਂ ਨੂੰ ਛੁਡਾਉਣ ਲਈ ਨਿਰਦੇਸ਼ ਦਿੱਤੇ ਗਏ ਸਨ ਜਿਸ ਤਹਿਤ ਅੱਜ ਬੀ ਡੀ ਪੀ ਓ ਡੇਰਾ ਬਾਬਾ ਨਾਨਕ ਦਿਲਬਾਗ ਸਿੰਘ ਵੱਲੋਂ ਆਪਣੇ ਸਰਕਾਰੀ ਅਮਲੇ ਸਮੇਤ ਪਹੁੰਚ ਕੇ ਮੁਹਤਬਰ ਆਗੂਆਂ ਦੀ ਹਾਜ਼ਰੀ ਵਿੱਚ ਪੰਚਾਇਤੀ ਫਿਰਨੀ ਉੱਪਰ ਹੋਏ ਨਜਾਇਜ਼ ਕਬਜ਼ੇ 'ਤੇ ਪੀਲਾ ਪੰਜਾ ਚਲਾਉਂਦੇ ਹੋਏ ਨੀਂਹ ਪੁੱਟ ਕੇ ਕਬਜ਼ਾ ਆਪਣੇ ਹੱਕ ਵਿੱਚ ਲਿਆ ਗਿਆ। ਬੀ ਡੀ ਪੀ ਓ ਦਿਲਬਾਜ ਸਿੰਘ ਨੇ ਦੱਸਿਆ ਕਿ ਡੀ ਸੀ ਗੁਰਦਾਸਪੁਰ ਹਿਮਾਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਿੰਡ ਸ਼ਾਹਪੁਰ ਜਾਜਨ ਦੀ ਪੰਚਾਇਤੀ ਫਿਰਨੀ ਉਪਰ ਹੋਏ ਨਜਾਇਜ਼ ਕਬਜ਼ੇ ਹਟਾਉਣ ਲਈ ਕਿਹਾ ਗਿਆ ਸੀ। ਮਾਲ ਵਿਭਾਗ ਕੋਲੋਂ ਸੈਟੇਲਾਈਟ ਮਸ਼ੀਨ ਦੁਆਰਾ ਨਿਸ਼ਾਨਦੇਹੀ ਕਰਵਾ ਕੇ ਨਜਾਇਜ਼ ਕਬਜ਼ਿਆਂ ਉੱਪਰ ਨਿਸਾਨੀਆਂ ਲਵਾਈਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਅੱਜ

ਸਾਡੇ ਵਿਭਾਗ ਵੱਲੋਂ ਮੁਹਤਬਰ ਆਗੂਆਂ ਦੀ ਹਾਜ਼ਰੀ ਵਿੱਚ ਨਜਾਇਜਜ਼ ਕਬਜਾ ਛੁਡਾ ਕੇ ਜੇ ਸੀ ਬੀ ਮਸ਼ੀਨ ਦੁਆਰਾ ਨੀਂਹ ਪੁੱਟ ਕੇ ਕਬਜ਼ਾ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਸ ਜਗ੍ਹਾ ਤੋਂ ਕਬਜ਼ਾ ਹਟਾਇਆ ਗਿਆ ਹੈ ਉਸ ਜਗ੍ਹਾ 'ਤੇ ਪੰਚਾਇਤ ਵਿਭਾਗ ਵੱਲੋਂ ਪਿੰਡ ਦਾ ਸੁੰਦਰੀਕਰਨ ਕਰਨ ਲਈ ਇੰਟਰਲਾਕ ਟਾਈਲਾਂ, ਸੋਲਰ ਲਾਈਟਾਂ, ਸੀਮੈਂਟ ਵਾਲੀਆਂ ਕੁਰਸੀਆਂ ਅਤੇ ਵਧੀਆ ਬੂਟੇ ਲਏ ਜਾ ਰਹੇ ਹਨ ਤੇ ਨਾਲ ਹੀ ਪਿੰਡ ਵਾਸੀਆਂ ਦੀ ਸਹੂਲਤ ਲਈ ਕੂੜਾ ਡੰਪ ਬਣਾਇਆ ਜਾਵੇਗਾ। ਉਨਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਹੈ ਜਿਹੜੇ ਜਿਹੜੇ ਲੋਕਾਂ ਨੇ ਪੰਚਾਇਤੀ ਫਿਰਨੀ ਉੱਪਰ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਉਹ ਬਿਨਾਂ ਸ਼ਰਤ ਛੱਡ ਕੇ ਪਿੰਡ ਨੂੰ ਸੋਹਣਾ ਬਣਾਉਣ ਵਿੱਚ ਆਪਣਾ ਅਹਿਮ ਸਹਿਯੋਗ ਦੇਣ। ਇਸ ਮੌਕੇ ਆਪ ਆਗੂ ਪਰਮਿੰਦਰ ਸਿੰਘ ਰੰਧਾਵਾ, ਸੁਖਵਿੰਦਰ ਸਿੰਘ ਐਸ ਈ ਪੀ ਓ, ਜਤਿੰਦਰ ਸਿੰਘ ਜੇਈ, ਸੰਤੋਖ ਸਿੰਘ ਪੰਚਾਇਤ ਸਕੱਤਰ, ਪ੍ਰਦੀਪ ਸਿੰਘ ਆੜਤੀ, ਗੁਰਦੇਵ ਸਿੰਘ ਸ਼ਾਹਪੁਰ, ਮਾਸਟਰ ਕੁਲਜੀਤ ਸਿੰਘ, ਤਜਿੰਦਰ ਸਿੰਘ ਮਾਨ,ਗੁਰਵਿੰਦਰ ਸਿੰਘ,ਬਲਦੇਵ ਸਿੰਘ ਬੱਲੀ,ਚੰਨਣ ਸਿੰਘ ਪਹਿਲਵਾਨ, ਸੋਨੂੰ ਆਦਿ ਤੋਂ ਇਲਾਵਾ ਹੋਰ ਪਿੰਡ ਵਾਸੀ ਹਾਜ਼ਰ ਸਨ।

ਸੂਬੇ ਨੂੰ ਨਸ਼ਾ ਮੁਕਤ ਕਰਨ 'ਚ ਬੁਰੀ ਤਰ੍ਹਾਂ ਫੇਲ੍ਹ ਹੋਈ ਪੰਜਾਬ ਸਰਕਾਰ : ਛੱਜਲਵੱਡੀ

ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਰਾਜ ਕਰਦਿਆਂ ਲਗਭਗ ਪੌਣੇ ਦੋ ਸਾਲ ਹੋ ਚੁੱਕੇ ਹਨ ਪਰ ਸਰਕਾਰ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਅੰਤਰ ਸਾਹਮਣੇ ਆ ਰਿਹਾ ਹੈ। ਇਹ ਸਰਕਾਰ ਸਿੰਬਲ ਰੁੱਖ ਵਾਂਗ ਸਾਬਤ ਹੋ ਰਹੀ ਹੈ ਜਿਸ ਦਾ ਕੱਦ ਤਾਂ ਬਹੁਤ ਵੱਡਾ ਹੁੰਦਾ ਹੈ ਪਰ ਫੁੱਲ, ਫਲ ਕਿਸੇ ਕੰਮ ਦੇ ਨਹੀਂ ਹੁੰਦੇ। ਇਸ ਵਕਤ ਸਿੰਥੈਟਿਕ ਨਸ਼ਾ ਪੰਜਾਬ ਲਈ ਬਹੁਤ ਘਾਤਕ ਸਾਬਤ ਹੋ ਰਿਹਾ ਹੈ। ਨੌਜਵਾਨ ਲੜਕੇ ਹੀ ਨਹੀਂ ਲੜਕੀਆਂ ਵੀ ਵੱਡੀ ਗਿਣਤੀ ਵਿੱਚ ਇਸ ਜਾਨਲੇਵਾ ਨਸੇ ਦੀ ਗ੍ਰਿਫਤ ਵਿੱਚ ਜਕੜਦੀਆਂ ਜਾ ਰਹੀਆਂ ਹਨ। ਇਹ ਨਸ਼ਾ ਅੱਗਿਓਂ ਲੁੱਟਾਂ-ਖੋਹਾਂ, ਚੋਰੀਆਂ, ਝਪਟਮਾਰੀ ਵਰਗੀਆਂ ਅਸਮਾਜਿਕ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਜਿਸ ਪਰਿਵਾਰ ਦਾ ਬੱਚਾ ਇਸ ਅਲਾਮਤ ਦਾ ਸ਼ਿਕਾਰ ਹੋ ਜਾਂਦਾ ਹੈ ਉਸ ਘਰ ਦੀ ਤਬਾਹੀ ਬਰਬਾਦੀ ਲਗਭਗ ਤਹਿ ਹੈ। ਮਾਵਾਂ ਝੋਲੀ ਅੱਡ ਕੇ ਆਪਣੀ ਕੁੱਖ ਬਚਾਉਣ ਦੀ ਦੁਹਾਈ ਪਾ ਰਹੀਆਂ ਹਨ ਪਰ ਇਹ ਨਸ਼ਾ ਗਾਜਰ ਬੂਟੀ ਵਾਂਗ ਵੱਧਦਾ ਹੀ ਜਾ ਰਿਹਾ ਹੈ। ਹੁਣ ਤਾਂ ਇੰਝ ਲੱਗਣ ਲੱਗ ਪਿਆ ਹੈ ਜਿਵੇਂ ਮਨਜ਼ੂਰ ਸੁਦਾ ਹੀ ਹੋ ਗਿਆ ਹੋਵੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਨਿਰਮਲ ਛੱਜਲਵੱਡੀ ਨੇ ਕਿਹਾ ਭਗਵੰਤ ਮਾਨ ਸਰਕਾਰ ਸੰਥੈਟਿਕ ਨਸੇ ਨੂੰ ਰੋਕਣ ਲਈ ਸੰਜੀਦਾ ਦਿਖਾਈ ਨਹੀਂ ਦੇ ਰਹੀ। ਜੇ ਇਸ ਨਸ਼ੇ ਤੇ ਅੰਕੁਸ਼ ਲਗਾਉਣ ਹੈ ਤਾਂ ਪਹਿਲਾਂ ਵੱਡੇ ਬਘਿਆੜ , ਸਪਲਾਇਰਾਂ ਨੂੰ ਫੜ ਕੇ ਜੇਲ ਸੁੱਟਿਆ ਜਾਵੇ ਤਾਂ ਜੋ ਨਸੇ ਦੀ ਚੇਨ ਤੋੜੀ ਜਾ ਸਕੇ ।ਦੂਜਾ ਇਸ ਨੂੰ ਰੋਕਣ ਦਾ ਕਾਰਗਰ ਢੰਗ ਹੈ ਨੌਜਵਾਨਾਂ ਨੂੰ ਰੁਜਗਾਰ ਮੁਹਈਆ ਕਰਾਇਆ ਜਾਵੇ ਤਾਂ ਕਿ ਉਹ ਨਸਾ ਸੌਦਾਗਰਾਂ ਦੀ ਗ੍ਰਿਫਤ ਵਿੱਚੋਂ ਬਚ ਸਕਣ। ਪੜ੍ਹੇ ਲਿਖੇ ਉਦਮੀ ਨੌਜਵਾਨ ਲੜਕੇ ਲੜਕੀਆਂ ਨੂੰ ਬਿਲਕੁਲ ਘੱਟ ਵਿਆਜ ਤੇ ਕਰਜੇ ਦਿੱਤੇ ਜਾਣ ਅਤੇ ਵੱਖ-ਵੱਖ ਟਰੇਡਾਂ ਵਿੱਚ ਉਹਨਾਂ ਨੂੰ ਸਾਰਥਿਕ ਟ੍ਰੇਨਿੰਗ ਦਿੱਤੀ ਜਾਵੇ ਤਾਂ ਕਿ ਉਹ ਆਪਣੇ ਆਪਣੇ ਫੀਲਡ ਵਿੱਚ ਪ੍ਰਤੀਬੱਧਤਾ ਨਾਲ ਕੰਮ ਕਰਕੇ ਸਫਲਤਾ ਹਾਸਲ ਕਰਕੇ ਸਮਾਜ ਦੀ ਸੇਵਾ ਅਤੇ ਦੇਸ ਦੀ ਤਰੱਕੀ ਵਿੱਚ ਹਿੱਸਾ ਪਾ ਸਕਣ ।

ਟ੍ਰੈਫਿਕ ਇੰਚਾਰਜ ਏ ਐੱਸ ਆਈ ਅੰਗਰੇਜ਼ ਸਿੰਘ ਨੇ ਚਾਰਜ ਸੰਭਾਲਿਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਤਰਨਤਾਰਨ ਦੇ ਜ਼ਿਲ੍ਹਾ ਮੁਖੀ ਅਸ਼ਵਨੀ ਕਪੂਰ ਤੇ ਐੱਸਪੀ ਟਰੈਫਿਕ ਦੇਵ ਸਿੰਘ ਤੇ ਡੀਐੱਸਪੀ ਹਰਿੰਦਰਜੀਤ ਸਿੰਘ ਦੇ ਹੁਕਮਾਂ ਤੇ ਏਐੱਸਆਈ ਅੰਗਰੇਜ਼ ਸਿੰਘ ਨੇ ਝਬਾਲ ਟ੍ਰੈਫਿਕ ਦਾ ਚਾਰਜ ਸੰਭਾਲ ਲਿਆ ਹੈ। ਟ੍ਰੈਫਿਕ ਇੰਚਾਰਜ ਅਗਰੇਜ਼ ਸਿੰਘ ਨੇ ਕਿਹਾ ਕਿ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਸੀਂ ਹਰ ਵਕਤ ਵਚਨਬੱਧ ਹਾਂ। ਵਹੀਕਲ ਚਲਾਉਣ ਵਾਲਿਆਂ ਨੂੰ ਸਖਤੀ ਨਾਲ ਹਦਾਇਤ ਕੀਤੀ ਕਿ ਵਹੀਕਲਾਂ ਦੇ ਕਾਗਜ਼ਾਤ ਪੂਰੇ ਹੋਣੇ ਚਾਹੀਦੇ ਹਨ। ਨਾਲ ਰੇਹੜੇ ਰੇਹੜੀਆਂ ਵਾਲਿਆਂ ਨੂੰ ਹਦਾਇਤ ਕੀਤੀ ਕਿ ਰਸਤੇ ਵਿੱਚ ਰੋਡ ਉਤੇ ਨਹੀਂ ਹੋਣੀਆ ਚਾਹੀਦੀਆ ਤੇ ਅੱਡੇ ਦੇ ਦੁਕਾਨਦਾਰਾਂ ਨੂੰ ਵੀ ਕਿਹਾ ਕੇ ਜੋ ਸਾਮਾਨ ਦੁਕਾਨਾਂ ਤੋਂ ਬਾਹਰ ਲਾਇਆ ਹੈ ਉਸ ਨੂੰ ਦੁਕਾਨਾਂ ਅੰਦਰ ਕੀਤਾ ਜਾਵੇ ਤਾਂ ਜੋ ਟ੍ਰੈਫਿਕ ਵਿੱਚ ਵਿਘਨ ਨਾ ਪਏ। ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ। ਜਿਹੜੇ ਵਾਹਨਾਂ ਦੇ ਕਾਗਜ਼ਾਤ ਪੂਰੀ ਨਹੀਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ ਨਹੀਂ ਤਾਂ ਉਨਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਟਰੈਫਿਕ ਇੰਚਾਰਜ ਤੋਂ ਇਲਾਵਾਂ ਐੱਚਸੀ ਸਾਹਬ ਸਿੰਘ ਆਦਿ ਹਾਜ਼ਰ ਸਨ।

ਡੀ ਸੀ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਨੂੰ ਸਖਤੀ ਨਾਲ ਲਾਗੂ ਕਰਨ ਦੀਆਂ ਹਦਾਇਤਾਂ

ਗੁਰਦਾਸਪੁਰ, (ਜਨਕ ਮਹਾਜਨ)

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਵਲ ਰਿਟ ਪਟੀਸ਼ਨ 6907 ਆਫ 2009 ਤਹਿਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸੇਫ ਸਕੂਲ ਵਾਹਨ ਸਕੀਮ ਸਬੰਧੀ ਜਾਰੀ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਸਮੂਹ ਉਪ ਮੰਡਲ ਮੈਜਿਸਟ੍ਰੇਟ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਰੀਜ਼ਨਲ ਟਰਾਂਸਪੋਰਟ ਅਥਾਰਟੀ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੈਕੰਡਰੀ ਨੂੰ ਹਦਾਇਤ ਕੀਤੀ ਹੈ। ਸਥਾਨਕ ਪੰਚਾਇਤ ਭਵਨ ਵਿਖੇ ਇਸ ਸਬੰਧੀ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਵਿਚ ਫੁਟ ਸਟੈਪ ਦੀ ਉਚਾਈ 220 ਮਿਲੀਮੀਟਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਸੀਸੀਟੀਵੀ ਦੀ ਫੁਟੇਜ 60 ਦਿਨ ਤੱਕ ਸੰਭਾਲ ਕੇ ਰੱਖਣੀ ਜ਼ਰੂਰੀ ਹੈ, ਸਕੂਲ ਬੱਸ ਡਰਾਇਵਰ ਨੇ ਨੀਲੇ ਫਿਕੇ ਰੰਗ ਦੀ ਕਮੀਜ਼ ਅਤੇ ਕਾਲੇ ਰੰਗ ਦੇ ਬੂਟ ਪਾਏ ਹੋਣ, ਡਰਾਈਵਰ ਦੇ ਨਾਮ ਵਾਲੀ ਆਈ. ਡੀ. ਪਲੇਟ ਲੱਗੀ ਹੋਵੇ ਅਤੇ ਡਰਾਇਵਰ ਕੋਲ ਸਾਰੇ ਬੱਚਿਆਂ ਦੇ ਨਾਮ, ਪਤਾ, ਕਲਾਸ ਅਤੇ ਬਲੱਡ ਗਰੁੱਪ ਵਾਲੀ ਲਿਸਟ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸ ਵਿੱਚ ਸਮਰਥਾ ਤੋਂ ਵੱਧ ਬੱਚੇ ਨਾ ਬਿਠਾਏ ਜਾਣ, ਸਕੂਲ ਬੱਸ ਵਿਚ ਅੱਗ ਬਝਾਉਣ ਵਾਲਾ ਯੰਤਰ ਹੋਣਾ ਜ਼ਰੂਰੀ ਹੈ। ਡਿਪਟੀ ਕਮਿ

15-Dec-PAGE-4-23.qxd 12/14/2023 10:37 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 15 ਦਸੰਬਰ 2023

ਨਿਰਾਸ਼ਾ ਛੱਡ ਕੇ ਅੱਗੇ ਵਧਣ ਦੀ ਲੋੜ

'ਇੰਡੀਆ' ਗੱਠਜੋੜ ਦੀ ਮੀਟਿੰਗ 19 ਦਸੰਬਰ ਦੀ ਤੈਅ ਹੋ ਚੁੱਕੀ ਹੈ। ਇਸ ਦੌਰਾਨ ਗੱਠਜੋੜ ਦੇ ਆਗੂਆਂ ਵੱਲੋਂ ਧਾਰੀ ਗਈ ਚੁੱਪ ਧਰਮ-ਨਿਰਪੱਖ ਤਾਕਤਾਂ ਦੇ ਸਮਰਥਕਾਂ ਲਈ ਪੀੜਾਦਾਇਕ ਹੋ ਰਹੀ ਹੈ। ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਤਿੰਨ ਰਾਜਾਂ ਅੰਦਰ ਕਾਂਗਰਸ ਦੀ ਹਾਰ ਤੋਂ ਪੈਦਾ ਹੋਈ ਨਿਰਾਸ਼ਾ ਵਿੱਚੋਂ ਹਾਲੇ ਤੱਕ ਵੀ ਗੱਠਜੋੜ ਦੇ ਆਗੂ ਬਾਹਰ ਨਹੀਂ ਨਿਕਲ ਸਕੇ। ਹਾਲਾਂਕਿ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਕਾਂਗਰਸ ਦੀ ਹਾਰ ਉਸ ਦੇ ਗਲਤ ਦਾਅ-ਪੇਚਾਂ ਕਾਰਨ ਹੋਈ ਸੀ। ਸੱਚਾਈ ਇਹ ਹੈ ਕਿ ਇਨ੍ਹਾਂ ਤਿੰਨਾਂ ਹੀ ਰਾਜਾਂ ਵਿੱਚ ਕਾਂਗਰਸ ਲੱਗਭੱਗ ਆਪਣਾ ਵੋਟ ਬੈਂਕ ਬਚਾਉਣ ਵਿੱਚ ਸਫਲ ਰਹੀ, ਪਰ ਭਾਜਪਾ ਨੇ ਆਪਣਾ ਵੋਟ ਪ੍ਰਤੀਸ਼ਤ ਵਧਾ ਕੇ ਬਾਜ਼ੀ ਮਾਰ ਲਈ। ਭਾਜਪਾ ਦਾ ਵਧਿਆ ਵੋਟ ਆਇਆ ਕਿੱਥੋਂ, ਬਸ ਇਹੀ ਸਮਝਣ ਦੀ ਲੋੜ ਹੈ। 2018 ਵਿੱਚ ਮੱਧ ਪ੍ਰਦੇਸ਼ ਵਿੱਚ ਭਾਜਪਾ ਨੂੰ 41 ਫ਼ੀਸਦੀ ਵੋਟਾਂ ਮਿਲੀਆਂ ਸਨ ਤੇ ਹੁਣ 48 ਫ਼ੀਸਦੀ ਮਿਲੀਆਂ ਹਨ। ਤੀਜੀ ਧਿਰ, ਜਿਸ ਵਿੱਚ ਵੱਖ-ਵੱਖ ਛੋਟੀਆਂ ਪਾਰਟੀਆਂ ਤੇ ਅਜ਼ਾਦ ਸ਼ਾਮਲ ਸਨ, ਨੂੰ 2018 ਵਿੱਚ 18 ਫ਼ੀਸਦੀ ਤੇ ਇਸ ਵਾਰ 11 ਫ਼ੀਸਦੀ ਵੋਟਾਂ ਮਿਲੀਆਂ ਹਨ। ਇਹੋ 7 ਫ਼ੀਸਦੀ ਵੋਟਾਂ ਭਾਜਪਾ ਵੱਲ ਚਲੀਆਂ ਗਈਆਂ। ਰਾਜਸਥਾਨ ਵਿੱਚ ਭਾਜਪਾ ਦੀਆਂ ਵੋਟਾਂ 2018 ਦੇ ਮੁਕਾਬਲੇ 3 ਫ਼ੀਸਦੀ ਵਧੀਆਂ ਹਨ ਤੇ ਤੀਜੀ ਧਿਰ ਦੀਆਂ 3 ਫ਼ੀਸਦੀ ਘਟੀਆਂ ਹਨ। ਇਸੇ ਤਰ੍ਹਾਂ ਛੱਤੀਸਗੜ੍ਹ ਵਿੱਚ ਭਾਜਪਾ ਦੀਆਂ ਵੋਟਾਂ ਪਿਛਲੀਆਂ ਚੋਣਾਂ ਦੇ ਮੁਕਾਬਲੇ 13 ਫ਼ੀਸਦੀ ਵਧੀਆਂ ਹਨ ਤੇ ਤੀਜੀ ਧਿਰ ਵਾਲਿਆਂ ਦੀਆਂ 13 ਫ਼ੀਸਦੀ ਘਟੀਆਂ ਹਨ। ਅਸਲ ਵਿੱਚ ਇਹੋ ਤੀਜੀ ਧਿਰ ਵਾਲੀਆਂ ਵੋਟਾਂ ਵਿੱਚ ਵੱਡਾ ਹਿੱਸਾ ਕਾਂਗਰਸ ਤੋਂ ਬਾਹਰਲੇ ਇੰਡੀਆ ਗੱਠਜੋੜ ਦੇ ਭਾਈਵਾਲਾਂ ਦਾ ਸੀ, ਜਿਹੜਾ ਕਾਂਗਰਸ ਦੇ ਹੰਕਾਰੀ ਰਵੱਈਏ ਕਾਰਨ ਉਸ ਨੂੰ ਸਬਕ ਸਿਖਾਉਣ ਲਈ ਭਾਜਪਾ ਵੱਲ ਚਲਾ ਗਿਆ। ਕਾਂਗਰਸ ਨੇ ਇਹ ਵੀ ਨਾ ਸੋਚਿਆ ਕਿ ਇਨ੍ਹਾਂ ਬੀ ਟੀ ਪੀ ਤੇ ਸੀ ਪੀ ਆਈ (ਐੱਮ) ਵਰਗੀਆਂ ਪਾਰਟੀਆਂ ਦੀ ਹਮਾਇਤ ਨਾਲ ਹੀ ਉਸ ਨੇ ਪਿਛਲੇ ਪੰਜ ਸਾਲ ਰਾਜਸਥਾਨ ਵਿੱਚ ਰਾਜ ਕੀਤਾ ਸੀ।

ਜੋ ਵੀ ਹੋਇਆ, ਉਸ ਤੋਂ ਸਬਕ ਸਿੱਖ ਕੇ ਅੱਗੇ ਵਧਣ ਦੀ ਲੋੜ ਹੈ। ਸਭ ਤੋਂ ਪਹਿਲਾ ਕੰਮ ਇਹ ਹੋਣਾ ਚਾਹੀਦਾ ਕਿ ਵੱਖ-ਵੱਖ ਰਾਜਾਂ ਵਿਚਲੀਆਂ ਛੋਟੀਆਂ ਪਾਰਟੀਆਂ ਨੂੰ ਨਾਲ ਜੋੜ ਕੇ ਗੱਠਜੋੜ ਦਾ ਵਿਸਥਾਰ ਕੀਤਾ ਜਾਵੇ।

ਰਾਜਸਥਾਨ ਵਿੱਚ ਨਵੀਂ ਬਣੀ ਭਾਰਤ ਆਦਿਵਾਸੀ ਪਾਰਟੀ ਨੇ ਆਪਣੀ ਤਾਕਤ ਦਿਖਾਈ ਹੈ। ਉਸ ਦੇ ਵਿਦਿਆਰਥੀ ਵਿੰਗ ਨੇ ਪਿਛਲੇ ਸਾਲ 35 ਕਾਲਜਾਂ ਦੀਆਂ ਚੋਣਾਂ ਵਿੱਚ ਜਿੱਤ ਦਰਜ ਕੀਤੀ ਸੀ। ਇਸੇ ਤਰ੍ਹਾਂ ਚੰਦਰ ਸ਼ੇਖਰ ਅਜ਼ਾਦ ਦੀ ਸਮਾਜ ਪਾਰਟੀ ਦਾ ਮੁੱਖ ਅਧਾਰ ਭਾਵੇਂ ਯੂ ਪੀ ਵਿੱਚ ਹੈ, ਪਰ ਰਾਜਸਥਾਨ ਦੀਆਂ ਚੋਣਾਂ ਵਿੱਚ ਉਸ ਦੇ ਦੋ ਉਮੀਦਵਾਰ ਦੂਜੇ ਥਾਂ ਉੱਤੇ ਆਏ ਹਨ। ਇਹ ਪਾਰਟੀ ਦਲਿਤਾਂ ਵਿੱਚ ਭਾਜਪਾ ਦੀ ਪਿੱਛਲੱਗੂ ਬਣ ਚੁੱਕੀ ਬਸਪਾ ਦਾ ਬਦਲ ਬਣਨ ਲਈ ਅੱਗੇ ਵਧ ਰਹੀ ਹੈ। ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿੱਚ ਗੋਂਡਵਾਨਾ ਗਣਤੰਤਰ ਪਾਰਟੀ ਉੱਭਰ ਕੇ ਸਾਹਮਣੇ ਆਈ ਹੈ। ਮੱਧ ਪ੍ਰਦੇਸ਼ ਵਿੱਚ ਇੱਕ ਸੀਟ ਬੀ ਏ ਪੀ ਨੇ ਵੀ ਜਿੱਤੀ ਹੈ।

ਮਹਾਰਾਸ਼ਟਰ ਵਿੱਚ ਪ੍ਰਕਾਸ਼ ਅੰਬੇਡਕਰ ਦੀ ਵੰਚਿਤ ਬਹੁਤਜਨ ਅਗਾੜੀ ਨੇ ਪਿਛਲੀਆਂ ਦੋ ਚੋਣਾਂ ਵਿੱਚ ਆਪਣੀ ਤਾਕਤ ਦਿਖਾਈ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪ੍ਰਕਾਸ਼ ਦੀ ਪਾਰਟੀ ਨੇ 7 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ। ਉਸ ਦੇ ਉਮੀਦਵਾਰ ਭਾਵੇਂ ਜਿੱਤ ਨਹੀਂ ਸਕੇ, ਪਰ ਡੇਢ ਦਰਜਨ ਸੀਟਾਂ 'ਤੇ ਕਾਂਗਰਸ ਤੇ ਐੱਨ ਸੀ ਪੀ ਗੱਠਜੋੜ ਦੇ ਉਮੀਦਵਾਰਾਂ ਦੀ ਹਾਰ ਦਾ ਕਾਰਨ ਬਣੇ ਸਨ। ਉਸ ਦੇ ਉਮੀਦਵਾਰਾਂ ਨੂੰ 17 ਸੀਟਾਂ ਉੱਤੇ 80 ਹਜ਼ਾਰ ਜਾਂ ਉਸ ਤੋਂ ਵੱਧ ਵੋਟ ਮਿਲੇ ਸਨ।

ਉਸੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਬੀ ਏ ਨੇ ਕਾਂਗਰਸ ਦੀਆਂ 16 ਤੇ ਐੱਨ ਸੀ ਪੀ ਦੀਆਂ 9 ਸੀਟਾਂ ਹਰਾ ਦਿੱਤੀਆਂ ਸਨ। ਕਾਂਗਰਸ ਪਾਰਟੀ ਪ੍ਰਕਾਸ਼ ਅੰਬੇਡਕਰ ਦੀ ਪਾਰਟੀ ਨੂੰ ਭਾਜਪਾ ਦੀ ਬੀ ਟੀਮ ਕਹਿੰਦੀ ਆ ਰਹੀ ਹੈ। ਇਸ ਵੇਲੇ ਪ੍ਰਕਾਸ਼ ਅੰਬੇਡਕਰ ਇੰਡੀਆ ਗੱਠਜੋੜ ਨਾਲ ਜੁੜਨ ਲਈ ਪੂਰੀ ਵਾਹ ਲਾ ਰਿਹਾ ਹੈ। 25 ਨਵੰਬਰ ਨੂੰ ਉਸ ਨੇ 'ਸੰਵਿਧਾਨ ਸਨਮਾਨ ਮਹਾਂ ਸਭਾ' ਦੇ ਨਾਂਅ ਹੇਠ ਕਰਵਾਏ ਗਏ ਸੰਮੇਲਨ ਵਿੱਚ ਰਾਹੁਲ ਗਾਂਧੀ ਨੂੰ ਸੱਦਿਆ ਸੀ, ਪਰ ਚੋਣਾਂ ਕਾਰਨ ਜਾਂ ਜਾਣਬੁੱਝ ਕੇ ਉਹ ਗਏ ਨਹੀਂ। ਪ੍ਰਕਾਸ਼ ਅੰਬੇਡਕਰ ਨੇ ਕਾਂਗਰਸ ਪ੍ਰਧਾਨ ਖੜਗੇ ਨੂੰ ਵੀ ਗੱਠਜੋੜ ਵਿੱਚ ਸ਼ਾਮਲ ਕੀਤੇ ਜਾਣ ਦੀ ਇੱਛਾ ਪ੍ਰਗਟ ਕਰਦਿਆਂ ਖਤ ਲਿਖਿਆ ਸੀ, ਪਰ ਉਸ ਨੇ ਜਵਾਬ ਨਹੀਂ ਦਿੱਤਾ।

ਚੋਣਾਂ ਤੱਕ ਕਾਂਗਰਸੀ ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਸਨ, ਸ਼ਾਇਦ ਹੁਣ ਉੱਤਰ ਗਏ ਹੋਣ। ਸਾਡੀ ਸਮਝ ਮੁਤਾਬਕ ਤਿੰਨ ਰਾਜਾਂ ਵਿੱਚ ਕਾਂਗਰਸ ਦੀ ਹਾਰ ਇੰਡੀਆ ਗੱਠਜੋੜ ਦੀ ਸਿਹਤ ਲਈ ਚੰਗੀ ਰਹੇਗੀ। 'ਇੰਡੀਆ' ਗੱਠਜੋੜ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਭਾਜਪਾ ਕੋਲ ਬਹੁਗਿਣਤੀ ਤੋਂ 32 ਸੀਟਾਂ ਹੀ ਵੱਧ ਹਨ। ਪਿਛਲੀਆਂ ਲੋਕ ਸਭਾ ਚੋਣਾਂ 'ਸਰਜੀਕਲ ਸਟਰਾਈਕ' ਦੀ ਬੱਲੇ-ਬੱਲੇ ਦੇ ਪ੍ਰਭਾਵ ਹੇਠ ਹੋਈਆਂ ਸਨ। ਇਸ ਦੇ ਬਾਵਜੂਦ ਵਿਰੋਧੀ ਪਾਰਟੀਆਂ ਨੂੰ ਮਿਲੀਆਂ ਵੋਟਾਂ ਭਾਜਪਾ ਨਾਲੋਂ ਵੱਧ ਸਨ। ਉਸ ਸਮੇਂ ਵਿਰੋਧੀ ਖਿੰਡੇ ਹੋਏ ਸਨ, ਤੇ ਹੁਣ ਇੱਕਮੁੱਠ ਹਨ। ਇਸ ਏਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਏਕਤਾ ਲਈ ਹਰ ਝੀਥ ਬੰਦ ਕਰਨੀ ਹੋਵੇਗੀ।

ਹਾਲੀਆ ਚੋਣਾਂ ਨੇ ਦਿਖਾ ਦਿੱਤਾ ਹੈ ਕਿ ਹੁਣ ਨਾ ਮੰਦਰ ਦਾ ਮੁੱਦਾ ਕੰਮ ਆਇਆ ਤੇ ਨਾ ਹੀ ਨਫ਼ਰਤੀ ਮੁਹਿੰਮ। ਮੋਦੀ ਜਿਨ੍ਹਾਂ ਨੂੰ ਰਿਓੜੀਆਂ ਕਹਿੰਦਾ ਹੁੰਦਾ ਸੀ, ਉਹ ਉਸ ਨੂੰ ਖੁਦ ਵੰਡਣੀਆਂ ਪਈਆਂ ਸਨ। ਜਾਤੀ ਜਨਗਣਨਾ ਦਾ ਭੈਅ ਭਾਜਪਾ ਨੂੰ ਕੰਬਣੀ ਛੇੜ ਰਿਹਾ ਹੈ। ਤਿੰਨਾਂ ਰਾਜਾਂ ਵਿੱਚ ਮੁੱਖ ਮੰਤਰੀਆਂ, ਉਪ ਮੁੱਖ ਮੰਤਰੀਆਂ ਤੇ ਸਪੀਕਰਾਂ ਦੀ ਚੋਣ ਉੱਤੇ ਇਸੇ ਦਾ ਪ੍ਰਛਾਵਾਂ ਨਜ਼ਰ ਆਉਂਦਾ ਹੈ। ਇਸ ਲਈ ਸਿਰ ਉੱਤੇ ਆ ਚੁੱਕੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣਾ ਔਖਾ ਨਹੀਂ ਹੈ। 'ਇੰਡੀਆ' ਗੱਠਜੋੜ ਦੀ ਮਜ਼ਬੂਤ ਏਕਤਾ ਇਸ ਦੀ ਜ਼ਾਮਨੀ ਹੋਵੇਗੀ।

- ਚੰਦ ਫਤਿਹਪੁਰੀ

ਸੂਬਾਈ ਚੋਣਾਂ : ਨਤੀਜਿਆਂ ਦੇ ਨਤੀਜਿਆਂ ਤੋਂ ਬਚੋ

ਸੁੱਚਾ ਸਿੰਘ ਖੱਟੜਾ

ਪਹਿਲਾਂ ਹਮੇਸ਼ਾ ਚੋਣ ਸਰਵੇ ਐਗਜ਼ਿਟ ਪੋਲ ਆਦਿ ਕਰਨ ਵਾਲੀਆਂ ਏਜੰਸੀਆਂ 'ਤੇ ਦੇਸ਼ ਦੀਆਂ ਵਿਰੋਧੀ ਪਾਰਟੀਆਂ ਅਤੇ ਉਨ੍ਹਾਂ ਦੇ ਹਮਾਇਤੀ ਦੋਸ਼ ਲਾਇਆ ਕਰਦੇ ਸਨ ਕਿ ਇਹ ਮੀਡੀਆ ਵਾਂਗ ਵਿਕਾਊ ਮਾਲ ਹੈ, ਭਾਜਪਾ ਕੋਲ ਵਿਕ ਕੇ ਅਕਸਰ ਉਸ ਦੇ ਹੱਕ ਵਿੱਚ ਆਪਣੀਆਂ ਰਿਪੋਰਟਾਂ ਤਿਆਰ ਕਰਕੇ ਜਨਤਾ ਅੱਗੇ ਪਰੋਸਦੇ ਰਹਿੰਦੇ ਹਨ। ਇਸ ਵਾਰੀ ਅਜਿਹਾ ਇਲਜ਼ਾਮ ਜਾਂ ਅਜਿਹੀ ਟਿੱਪਣੀ ਕੋਈ ਨਹੀਂ ਕਰ ਸਕਦਾ। ਭਾਜਪਾ ਦੇ ਕਾਡਰ ਤੋਂ ਸਿੱਖਣਾ ਬਣਦਾ ਹੈ ਕਿ ਬਹੁਤੀਆਂ ਏਜੰਸੀਆਂ ਵੱਲੋਂ ਛਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਜਿੱਤ ਦੀਆਂ ਭਵਿੱਖਬਾਣੀਆਂ ਕੀਤੀਆਂ ਜਾਂਦੀਆਂ ਰਹੀਆਂ, ਪਰ ਭਾਜਪਾ ਦੇ ਕਾਡਰ ਦਾ ਉਤਸ਼ਾਹ ਅਤੇ ਜੋਸ਼ ਪੂਰੇ ਜੋਬਨ 'ਤੇ ਰਹੇ। ਕਾਂਗਰਸ ਦੇ ਪੱਖ ਵਿੱਚ ਆ ਰਹੀਆਂ ਰਿਪੋਰਟਾਂ ਤੋਂ ਬਾਅਦ ਨਤੀਜੇ ਭਾਜਪਾ ਦੇ ਹੱਕ ਵਿੱਚ ਹਨ। ਤੇਲੰਗਾਨਾ ਵਿੱਚ ਕਾਂਗਰਸ ਨੂੰ ਮਿਲੀਆਂ ਵੋਟਾਂ ਨੂੰ ਛਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਹਾਸਲ ਵੋਟਾਂ ਵਿੱਚ ਜੋੜ ਕੇ ਦਾਅਵਾ ਕਰਨਾ ਕਿ ਕਾਂਗਰਸ ਦੀ ਕੁਲ ਵੋਟ ਭਾਜਪਾ ਤੋਂ ਵੱਧ ਹੈ, ਨਿਰਾ ਮੂਰਖ ਬਣਨਾ ਅਤੇ ਪੜ੍ਹਨ-ਸੁਣਨ ਵਾਲਿਆਂ ਨੂੰ ਮੂਰਖ ਬਣਾਉਣਾ ਅਤੇ ਨਤੀਜਿਆਂ ਦੇ ਨਤੀਜਿਆਂ ਨੂੰ ਨਾ ਸਮਝਣ ਵਾਲਾ ਵਤੀਰਾ ਹੈ।

ਸੂਬਿਆਂ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਨਿਕਲਣ ਵਾਲੇ ਨਤੀਜਿਆਂ ਦੇ ਦੋ ਭਾਗ ਹਨ। ਪਹਿਲਾ ਭਾਗ ਉਹ ਨਤੀਜੇ ਹਨ, ਜਿਨ੍ਹਾਂ ਨੇ ਇਨ੍ਹਾਂ ਚਾਰ ਸੂਬਿਆਂ ਦੀਆਂ ਚੋਣਾਂ ਵਿੱਚ ਭਾਜਪਾ ਵਿਰੋਧੀ ਇੱਕੋ-ਇੱਕ ਧਿਰ ਕਾਂਗਰਸ ਦੇ ਸੰਗਠਨ, ਅਨੁਸ਼ਾਸਨ, ਪ੍ਰਚਾਰਨ ਯੋਗ ਮੁੱਦਿਆਂ ਸੰਬੰਧੀ ਇੱਕ ਸੁਰਤਾਲ, ਉਮੀਦਵਾਰਾਂ ਦੀ ਚੋਣ, ਸੂਬਾਈ ਸੂਬੇਦਾਰਾਂ ਦਾ ਹੰਕਾਰ ਆਦਿ ਵਿਸ਼ਿਆਂ ਉਤੇ ਕਾਂਗਰਸ ਵੱਲੋਂ ਪਾਏ ਪਰਚਿਆਂ ਵਿੱਚ ਉਸ ਨੂੰ ਬੁਰੀ ਤਰ੍ਹਾਂ ਫੇਲ੍ਹ ਨਤੀਜੇ ਦਿੱਤੇ ਹਨ। ਦੂਜੇ ਪਾਸੇ ਇਨ੍ਹਾਂ ਹੀ ਮੁੱਦਿਆਂ ਉੱਤੇ ਭਾਜਪਾ ਵਿਲੱਖਣਤਾ ਨਾਲ ਪਾਸ ਹੋਈ ਹੈ। ਹਰ ਮੁੱਦੇ ਉੱਤੇ ਹੁਣ ਤੱਕ ਵੱਖ-ਵੱਖ ਰਾਜਨੀਤਕ ਵਿਸ਼ਲੇਸ਼ਕਾਂ ਬਹੁਤ ਕੁਝ ਲਿਖ ਦਿੱਤਾ ਹੈ, ਲਿਖਿਆ ਜਾਂਦਾ ਰਹੇਗਾ। ਅਸੀਂ ਦੂਜੇ ਪੱਖ ਦੇ ਨਤੀਜਿਆਂ ਉਤੇ ਕੇਂਦਰਤ ਹੋਣਾ ਸੋਚਿਆ ਹੈ। ਇਨ੍ਹਾਂ ਚੋਣਾਂ ਦੇ ਇਹ ਸੰਭਾਵਤ ਨਤੀਜੇ ਉਹ ਨਤੀਜੇ ਹਨ, ਜਿਹੜੇ ਭਵਿੱਖ ਵਿੱਚ ਭਾਜਪਾ ਵੱਲੋਂ ਜਿੱਤੇ ਸੂਬਿਆਂ ਅਤੇ ਜੇਕਰ ਭਾਜਪਾ ਦੀਆਂ ਜਿੱਤਾਂ ਦੇ ਰੁਝਾਨ ਨੂੰ ਪਿੱਛੇ ਨਾ ਧੱਕਿਆ ਤਾਂ 2024 ਤੋਂ ਬਾਅਦ ਭੁਗਤਣੇ ਪੈਣਗੇ। ਉਂਝ ਰਾਜਸਥਾਨ, ਮੱਧ ਪ੍ਰਦੇਸ਼, ਛਤੀਸਗੜ੍ਹ ਵਿੱਚ ਚੋਣਾਂ ਦੇ ਨਤੀਜਿਆਂ ਦੇ ਨਤੀਜੇ ਇਨ੍ਹਾਂ ਪ੍ਰਾਂਤਾਂ ਦੇ ਲੋਕਾਂ ਵੱਲੋਂ ਪਹਿਲਾਂ ਹੀ ਭੁਗਤਣੇ ਸ਼ੁਰੂ ਹੋ ਜਾਣਗੇ। ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਹੋਂਦ ਵਿੱਚ ਆਉਣਗੀਆਂ, ਉਥੇ-ਉਥੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਲਈ ਜੱਦੋ-ਜਹਿਦ ਲੰਮੇਰੀ ਅਤੇ ਅਨਿਸ਼ਚਤ ਹ�و ਜਾਏਗੀ। ਇਨ੍ਹਾਂ ਸੂਬਿਆਂ ਵਿੱਚ ਮਹਿਜ਼ ਸਰਕਾਰਾਂ ਨਹੀਂ ਬਦਲੀਆਂ ਜਾਂ ਬਣੀਆਂ। ਮੁਲਾਜ਼ਮਾਂ ਨੂੰ ਸਮਾਜ ਵਿੱਚ ਉਨ੍ਹਾਂ ਦੀ ਹੋਂਦ ਦਾ ਤੋਲਾ ਜਾਂ ਭਾਰ ਤੋਲਣ ਵੀ ਹੋ ਗਿਆ ਹੈ। ਕਿਸੇ ਸਮੇਂ ਸਮਾਜ ਸਰਕਾਰੀ ਮੁਲਾਜ਼ਮ ਨੂੰ ਅਧਿਆਪਕ, ਡਾਕਟਰ, ਨਰਸਾਂ ਜਾਂ ਦੂਜੇ ਸਿਹਤ ਕਰਮਚਾਰੀਆਂ ਨੂੰ ਸਤਿਕਾਰ ਨਾਲ ਵੇਖਦਾ ਅਤੇ ਸਿਆਸੀ ਫ਼ੈਸਲੇ ਕੁਝ ਨਾ ਕੁਝ ਉਨ੍ਹਾਂ ਦੇ ਪ੍ਰਭਾਵ ਅਧੀਨ ਕਰ ਲੈਂਦਾ ਸੀ। ਇਨ੍ਹਾਂ ਚੋਣਾਂ ਵਿੱਚ ਲਗਦਾ ਹੈ ਸਰਕਾਰੀ ਮੁਲਾਜ਼ਮ ਜਨਤਾ ਤੋਂ ਟੁੱਟ ਚੁੱਕਾ ਹੈ।

ਇਨ੍ਹਾਂ ਸੂਬਿਆਂ ਵਿੱਚ ਨਤੀਜਿਆਂ ਦਾ ਦੂਜਾ ਨਤੀਜਾ ਇਹ ਰਹੇਗਾ ਕਿ ਭਾਜਪਾ ਨੂੰ 2024 ਦੀਆਂ ਲੋਕ ਸਭਾ ਚੋਣਾਂ ਲਈ ਬੇਖੌਫ਼ ਸੰਗਨਾਤਮਕ ਤਿਆਰੀ ਕਰਨ ਦਾ ਸੁਤੰਤਰ ਖੇਤਰ ਮਿਲੇਗਾ। ਇਸ ਤਿਆਰੀ ਵਿੱਚ ਮੁਸਲਿਮ ਵਿਰੋਧੀ ਫਿਰਕਾਪ੍ਰਸਤੀ ਹੋਰ ਗਹਿਰਾਈ ਜਾਵੇਗੀ। ਸਮਾਜਿਕ ਤਣਾਅ ਵਧਣਗੇ। ਵਿਰੋਧੀ ਧਿਰ ਕਾਂਗਰਸ ਅਤੇ ਹੋਰਨਾਂ ਦੇ ਕਾਰਕੁੰਨ ਘੱਟੋ-ਘੱਟ 2024 ਦੀਆਂ ਚੋਣਾਂ ਤੱਕ ਤਾਂ ਮਾਯੂਸੀਆਂ ਤੋਂ ਉੱਭਰ ਨਹੀਂ ਸਕਣਗੇ।

ਇਨ੍ਹਾਂ ਚੋਣ ਨਤੀਜਿਆਂ ਦੇ ਵਿਰੋਧੀ ਸਿਆਸੀ ਪਾਰਟੀਆਂ ਲਈ ਨਿਕਲਣ ਵਾਲੇ ਨਤੀਜੇ ਵੀ ਵਿਚਾਰਨੇ ਜ਼ਰੂਰੀ ਹਨ। ਪਹਿਲਾ ਨਤੀਜਾ ਇਹ ਹੈ ਕਿ 'ਇੰਡੀਆ' ਨਾਂਅ ਦਾ ਗਠਜੋੜ ਕਾਇਮ ਰੱਖਣਾ ਹੋਰ ਜ਼ਰੂਰੀ ਹੋ ਗਿਆ ਹੈ। ਸੂਬਾਈ ਚੋਣਾਂ ਵਿੱਚ 'ਇੰਡੀਆ' ਦੇ ਭਾਈਵਾਲ ਇੱਕ-ਦੂਜੇ ਦਾ ਕੱਦ ਮਾਪਣ ਜੁਟੇ ਸਨ। ਇਨ੍ਹਾਂ ਸੂਬਿਆਂ ਦੀ ਜਨਤਾ ਨੇ ਹਰ ਇੱਕ ਦਾ ਕੱਦ ਨਾਪ ਦਿੱਤਾ ਹੈ। ਹੁਣ ਮੋਦੀ ਦੀ ਆਮਦ ਦਾ ਭੈਅ ਇਨ੍ਹਾਂ ਨੂੰ ਦੂਜੇ ਦੇ ਹੋਰ ਨੇੜੇ ਹੋ ਕੇ ਬੈਠਣ ਲਈ ਮਜਬੂਰ ਕਰੇਗਾ। ਇੱਕ-ਦੂਜੇ ਲਈ ਥਾਂ ਦੇਣ ਦਾ ਵਾਤਾਵਰਨ ਤਿਆਰ ਕਰੇਗਾ। ਇਹ ਇਨ੍ਹਾਂ ਚੋਣ ਨਤੀਜਿਆਂ ਦਾ ਹੀ ਨਤੀਜਾ ਹੈ ਕਿ 'ਇੰਡੀਆ' ਵਿੱਚ ਸ਼ਾਮਲ ਹਰ ਧਿਰ ਦੀ ਕਾਂਗਰਸ ਪ੍ਰਤੀ ਅਤੇ ਕਾਂਗਰਸ ਦੀ ਇਨ੍ਹਾਂ ਬਾਕੀ ਧਿਰਾਂ ਪ੍ਰਤੀ ਸੁਰਾਂ ਬਦਲੀਆਂ ਹਨ। ਲੋਕ ਸਭਾ ਚੋਣਾਂ ਲਈ ਮੁੱਦਿਆਂ ਦਾ ਸਾਂਝਾ ਬਿਰਤਾਂਤ ਸਿਰਜਣ ਦੀ ਮਹੱਤਤਾ ਹੋਰ ਸਪੱਸ਼ਟ ਹੋ ਕੇ ਸਾਹਮਣੇ ਆਈ ਹੈ। ਇਸ ਅੱਗੇ ਬਿਰਤਾਂਤ ਜਾ ਉਠਾਉਣ ਵਾਲੇ ਮੁੱਦਿਆ ਦੀ ਵਿਆਖਿਆ ਵਿੱਚ ਕੇਵਲ ਇੱਕ ਮੁੱਦੇ ਦਾ ਜ਼ਿਕਰ ਨੁਕਤੇ ਨੂੰ ਸਪੱਸ਼ਟ ਕਰ ਦੇਵੇਗਾ। ਆਡਾਨੀ ਦਾ ਮੁੱਦਾ ਉਠਾਉਣ ਵਾਲਾ ਇੱਕ ਸਮੇਂ ਕੇਵਲ ਰਾਹੁਲ ਗਾਂਧੀ ਸੀ। ਉਸ ਦੀ ਆਪਣੀ ਪਾਰਟੀ ਇਸ ਮੁੱਦੇ ਨੂੰ ਉਠਾਉਣ ਵਿੱਚ ਉਦੋਂ ਚੁੱਪ ਰਹੀ, ਜਦੋਂ ਇਸ ਮੁੱਦੇ ਉਤੇ ਲੋਕ ਸਭਾ ਵਿੱਚ ਰਾਹੁਲ ਗਾਂਧੀ ਦੇ ਭਾਸ਼ਣ ਦਾ ਇੱਕ-ਇੱਕ ਸ਼ਬਦ ਕਾਰਵਾਈ ਵਿੱਚੋਂ ਕੱਢ ਦਿੱਤਾ ਗਿਆ। ਮੁੱਦੇ ਦੀ ਮਹੱਤਤਾ ਵੀ ਕਾਂਗਰਸੀਆਂ ਨੂੰ ਉਦੋਂ ਹੀ ਸਮਝ ਨਾ ਪਈ, ਜਦੋਂ ਬਹਿਸ ਦੇ ਉੱਤਰ ਵਿੱਚ ਮੋਦੀ ਨੇ ਅਡਾਨੀ ਉਤੇ ਇੱਕ ਸ਼ਬਦ ਤੱਕ ਨਾ ਬੋਲਿਆ। ਵਿਧਾਨ ਸਭਾ ਚੋਣਾਂ ਵਿੱਚ ਰਾਹੁਲ ਨੇ ਹਰ ਸੂਬੇ ਦੀ ਹਰ ਸਭਾ ਵਿੱਚ ਅਡਾਨੀ ਦਾ ਮੁੱਦਾ ਉਠਾਇਆ, ਪਰ ਕਾਂਗਰਸ ਦੇ ਕਿਸੇ ਨੇਤਾ ਨੇ ਅਡਾਨੀ ਦਾ ਨਾਂਅ ਤੱਕ ਨਹੀਂ ਲਿਆ। ਲੋਕ ਸਭਾ ਵਿੱਚ ਤ੍ਰਿਣਮੂਲ ਮੈਂਬਰ ਮਹੂਆ ਮੋਇਤਰਾ ਨੇ ਹੀ ਇਸ ਮੁੱਦੇ ਉਤੇ ਬੋਲਣਾ ਸ਼ੁਰੂ ਕੀਤਾ। ਮਹੂਆ ਨੂੰ ਲੋਕ ਸਭਾ ਵਿੱਚੋਂ ਬਾਹਰ ਦਾ ਰਸਤਾ ਵਿਖਾਉਣ ਦਾ ਬਹਾਨਾ ਭਾਵੇਂ ਕੋਈ ਹੋਵੇ, ਮੁੱਖ ਕਾਰਨ ਇਹੀ ਹੈ ਕਿ ਉਹ ਅਡਾਨੀ ਦਾ ਮੁੱਦਾ ਉਠਾਉਂਦੇ ਸੀ। ਰਾਹੁਲ ਵਾਂਗ ਹੀ ਉਸ ਦੀ ਆਪਣੀ ਪਾਰਟੀ ਵੀ ਅਡਾਨੀ ਦ

15-DEC-PAGE-5.qxd 12/14/2023 10:31 PM Page 1

ਕੋਠੀ ਨੂੰ ਭੂਤਾਂ ਦੇ ਨਾਂਅ ਨਾਲ ਜੋੜ ਕੇ ਬਦਨਾਮ ਕਰਨ ਦਾ ਮਾਮਲਾ ਥਾਣੇ ਪੁੱਜਾ

ਮਕਾਨ ਮਾਲਕ ਨੇ ਲਾਏ ਲੱਖਾਂ ਦਾ ਸਮਾਨ ਚੋਰੀ ਹੋਣ ਦੇ ਦੋਸ਼

ਤਲਵੰਡੀ ਸਾਬੋ (ਜਗਦੀਪ ਗਿੱਲ)

ਇਹ ਸ਼ਾਇਦ ਲੋਕਾਂ ਦੀ ਕਮਜ਼ੋਰ ਮਾਨਸਿਕਤਾ ਦਾ ਹੀ ਨਤੀਜਾ ਹੈ ਕਿ ਭੂਤਾਂ ਦੇ ਨਾਂਅ ਨਾਲ ਬਦਨਾਮ ਹੋ ਚੁੱਕੇ ਜਾਂ ਕੁੱਝ ਚਲਾਕ ਲੋਕਾਂ ਵੱਲੋਂ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਬਦਨਾਮ ਕਰ ਦਿੱਤੇ ਗਏ ਇੱਕ ਕੋਠੀਨੁਮਾ ਮਕਾਨ ਨਾਲ ਜੁੜੇ ਜਾਂ ਜੋੜ ਦਿੱਤੇ ਗਏ ਕਲਪਿਤ ਕਿੱਸੇ ਕਹਾਣੀਆਂ ਹੁਣ ਰੁਕਣ ਦਾ ਨਾਂਅ ਨਹੀਂ ਲੈ ਰਹੇ। ਬੀਤੇ ਦਿਨੀਂ ਇੱਕ ਵਾਰ ਫੇਰ ਕਿਸੇ ਕਥਿਤ ਸ਼ਰਾਰਤੀ ਅਨਸਰਾਂ ਵੱਲੋਂ ਲੇਲੇ ਵਾਲਾ ਰੋਡ ਉੱਪਰ ਬਣੇ ਉਕਤ ਮਕਾਨ (ਕੋਠੀ) ਵਿੱਚ ਦਾਖਲ ਹੋ ਕੇ ਵੀਡੀਓ ਬਣਾਉਂਦਿਆਂ ਵੀਡੀਓ ਵਾਇਰਲ ਕਰਕੇ ਨਾ ਸਿਰਫ਼ ਉੱਥੇ ਭੂਤ ਪ੍ਰੇਤ ਰਹਿੰਦੇ ਹੋਣ ਦਾ ਖੁਲਾਸਾ ਕਰ ਦਿੱਤਾ ਗਿਆ। ਉਕਤ ਸ਼ਖ਼ਸ ਵੱਲੋਂ ਇਹ ਗੱਲ ਵੀ ਜ਼ੋਰ ਸ਼ੋਰ ਨਾਲ ਪ੍ਰਚਾਰੀ ਗਈ ਕਿ ਭੂਤਾਂ ਦੇ ਸਤਾਏ ਬਹੁਤ ਸਾਰੇ ਲੋਕ ਉਸ ਮਕਾਨ ਨੂੰ ਛੱਡ ਗਏ ਅਤੇ ਇਥੋਂ ਤੱਕ ਕਿ ਪੁਲਸ ਤੇ ਤਰਕਸ਼ੀਲ ਸੁਸਾਇਟੀ ਵਾਲੇ ਵੀ ਭੂਤਾਂ ਦੀ ਤਾਬ ਨਾ ਸਹਾਰਦੇ ਹੋਏ ਡਰਦੇ ਮਾਰੇ ਇਸ ਮਕਾਨ ਤੋਂ ਕੰਨੀ ਖਿਸਕਾ ਗਏ ਹਨ। ਲੋਕਾਂ ਵਿੱਚ ਦਹਿਸ਼ਤ ਫੈਲਾਉਂਦੀ ਇਸ ਵੀਡੀਓ ਦੇ ਵਾਇਰਲ ਹੋਣ ਦੀ ਹੀ ਦੇਰ ਸੀ ਕਿ ਨਾ ਸਿਰਫ਼ ਉਕਤ ਮਕਾਨ ਦੇ ਇਰਦ ਗਿਰਦ ਵਸਦੇ ਮੁਹੱਲਾ ਵਾਸੀਆਂ ਵਿੱਚ ਸਹਿਮ ਦਾ ਮਾਹੌਲ ਅਤੇ ਡਰ ਪੈਦਾ ਹੋ ਗਿਆ, ਸਗੋਂ ਉਕਤ ਮਕਾਨ ਦੇ ਉਸ ਮਾਲਕ ਨੂੰ ਵੀ ਉਕਤ ਵੀਡੀਓ ਦੇ ਵਾਇਰਲ ਹੋਣ ਨੇ ਸੋਚਾਂ ਦੇ ਸਮੁੰਦਰ ਵਿੱਚ ਡੋਬ ਕੇ ਰੱਖ ਦਿੱਤਾ, ਜਿਸ ਦਾ ਲੱਖਾਂ ਰੁਪਏ ਦਾ ਮਕਾਨ ਪਲਾਂ ਵਿੱਚ ਕੱਖਾਂ ਦਾ ਹੋ ਕੇ ਰਹਿ ਗਿਆ ਹੈ। ਸਥਾਨਕ ਪੁਲਸ ਕੋਲ ਦਰਜ ਕਰਾਈ ਸ਼ਿਕਾਇਤ ਵਿੱਚ ਬਹੁ ਚਰਚਿਤ ਮਕਾਨ ਦੇ ਮਾਲਕ ਗੁਰਜੀਤ ਸਿੰਘ ਸ਼ੇਖਪੁਰਾ ਨੇ ਦੋਸ਼ ਲਾਇਆ ਕਿ ਇੱਕ ਵਾਰ ਨਹੀਂ, ਸਗੋਂ ਕਈ ਵਾਰ ਕੁਝ ਲੋਕਾਂ ਵੱਲੋਂ ਉਸ ਦੇ ਮਕਾਨ ਨਾਲ ਜੋੜ ਕੇ ਉੱਥੇ ਅਜਿਹੀਆਂ ਝੂਠੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਬਦਅਮਨੀ ਤੇ ਸਨਸਨੀ ਤਾਂ ਫੈਲਦੀ ਹੀ ਹੈ, ਸਗੋਂ ਉਕਤ ਸਾਜ਼ਿਸ਼ੀ ਲੋਕ ਉਸਦੇ ਮਕਾਨ ਵਿੱਚੋਂ ਲੱਖਾਂ ਰੁਪਏ ਦਾ ਕੀਮਤੀ ਸਮਾਨ ਚੋਰੀ ਕਰਕੇ ਲੈ ਜਾਣ ਵਿੱਚ ਵੀ ਕਾਮਯਾਬ ਹੋ ਗਏ ਹਨ। ਉਸਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਉਕਤ ਮਕਾਨ ਦੀਆਂ ਬੂਹੇ ਬਾਰੀਆਂ ਤੋਂ ਲੈ ਕੇ ਬਾਥਰੂਮਾਂ ਦੀਆਂ ਕੀਮਤੀ ਟੂਟੀਆਂ ਅਤੇ ਸੀਵਰੇਜ ਦਾ ਲੱਖਾਂ ਰੁਪਏ ਦਾ ਸਮਾਨ ਉਨ੍ਹਾਂ ਲੋਕਾਂ ਨੇ ਹੀ ਚੋਰੀ ਕੀਤਾ ਹੋ ਸਕਦਾ ਹੈ, ਜਿਹੜੇ ਉੱਥੇ ਲੋਕਾਂ ਵਿੱਚ ਕਥਿਤ ਭੂਤਾਂ-ਪ੍ਰੇਤਾਂ ਦਾ ਡਰ ਪੈਦਾ ਕਰਕੇ ਸਹਿਮ ਦੇ ਸਾਏ ਹੇਠ ਆਪਣੀਆਂ ਕਥਿਤ ਗਤੀਵਿਧੀਆਂ ਕਰਦੇ ਆ ਰਹੇ ਹਨ। ਇਸ ਮਾਮਲੇ ਵਿੱਚ ਪੱਖ ਜਾਨਣ ਲਈ ਜਦੋਂ ਥਾਣਾ ਤਲਵੰਡੀ ਸਾਬੋ ਵਿਖੇ ਇਸ ਮਾਮਲੇ ਦੀ ਪੜਤਾਲ ਕਰ ਰਹੇ ਇਨਕੁਆਇਰੀ ਅਫਸਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਹੋਵੇਗੀ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ।

ਲੁਟੇਰੇ ਗ੍ਰਿਫ਼ਤਾਰ ਨਾ ਕੀਤੇ ਤਾਂ ਧਰਨਾ ਦੇਣ ਲਈ ਮਜਬੂਰ ਹੋਵਾਂਗੇ : ਮੁਲਾਜ਼ਮ ਆਗੂ

ਜੀਰਾ/ਫ਼ਿਰੋਜ਼ਪੁਰ (ਨਰਿੰਦਰ ਅਨੇਜਾ)

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਲੋਕਾਂ ਦੀ ਘਰਾਂ ਵਿੱਚ ਵੀ ਸੁਰੱਖਿਆ ਰੱਬ ਆਸਰੇ ਹੈ, ਜਿਸ ਦੀ ਤਾਜ਼ਾ ਮਿਸਾਲ ਪ ਸ ਸ ਫ ਦੇ ਸੂਬਾ ਰੋਨਲ ਪ੍ਰੈਸ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੇ ਘਰ ਲੁਟੇਰਿਆਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਅਤੇ ਪਰਵਾਰਕ ਮੈਂਬਰਾਂ ਨੂੰ ਜ਼ਖ਼ਮੀ ਕਰਨ ਤੋਂ ਮਿਲਦੀ ਹੈ। ਜੇਕਰ ਪੁਲਸ ਪ੍ਰਸ਼ਾਸਨ ਵੱਲੋਂ ਲੁਟੇਰੇ ਗ੍ਰਿਫ਼ਤਾਰ ਕਰਨ ਵਿੱਚ ਆਨਾਕਾਨੀ ਕੀਤੀ ਗਈ ਤਾਂ ਧਰਨਾ ਲਾਉਣ ਲਈ ਮਜਬੂਰ ਹੋਵੇਗੇ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਪ ਸ ਸ ਫ 1406/22/ ਚੰਡੀਗੜ੍ਹ ਦੇ ਜ਼ਿਲ੍ਹਾ ਜਨਰਲ ਸਕੱਤਰ ਇੰਜ ਜਗਦੀਪ ਸਿੰਘ ਮਾਂਗਟ, ਸੀਨੀਅਰ ਮੀਤ ਪ੍ਰਧਾਨ ਰਾਜੀਵ ਹਾਡਾ, ਸੀਨੀਅਰ ਮੀਤ ਪ੍ਰਧਾਨ ਦਰਸਨ ਸਿੰਘ ਭੁੱਲਰ, ਜੀ ਟੀ ਯੂ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਸੰਧੂ, ਭੁਪਿੰਦਰ ਸਿੰਘ ਢਿੱਲੋਂ, ਸੁਭਾਸ਼ ਸ਼ਰਮਾ ਪ੍ਰਧਾਨ, ਕਿਸ਼ਨ ਚੰਦ ਜਾਗੋਵਾਲੀਆ ਜਨਰਲ ਸਕੱਤਰ ਆਲ ਇੰਪਲਾਈਜ ਕੋਆਰਡੀਨੇਸ਼ਨ ਕਮੇਟੀ ਫ਼ਿਰੋਜ਼ਪੁਰ, ਗੁਰਪ੍ਰੀਤ ਸਿੰਘ ਪ੍ਰਧਾਨ, ਜਨਰਲ ਸਕੱਤਰ ਸਤਿੰਦਰ ਕੁਮਾਰ ਸਟਾਫ ਵੈਲਫੇਅਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ, ਜੇ ਪੀ ਐਮ ਓ ਦੇ ਜ਼ਿਲ੍ਹਾ ਕਨਵੀਨਰ ਮਹਿੰਦਰ ਸਿੰਘ, ਨਿਸ਼ਾਨ ਸਿੰਘ ਸ਼ਹਿਜ਼ਾਦੀ ਜ਼ਿਲ੍ਹਾ ਪ੍ਰਧਾਨ, ਗੁਰਬੀਰ ਸਿੰਘ ਸਰਕਲ ਸਕੱਤਰ ਜੰਗਲਾਤ ਵਰਕਰਜ ਯੂਨੀਅਨ ਪੰਜਾਬ, ਜਸਵਿੰਦਰ ਪਾਲ ਸਿੰਘ ਰੇਜ ਪ੍ਰਧਾਨ, ਸ ਸ ਫ ਦੇ ਕੌਰ ਸਿੰਘ ਬਲਾਕ ਪ੍ਰਧਾਨ ਜੀਰਾ, ਪ੍ਰੇਮ ਕਾਮਰਾ ਬਲਾਕ ਪ੍ਰਧਾਨ ਫ਼ਿਰੋਜ਼ਪੁਰ, ਰਾਜ ਕੁਮਾਰ ਬਲਾਕ ਪ੍ਰਧਾਨ ਮੱਖੂ, ਮਹਿੰਦਰ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ ਵਣ ਵਿਭਾਗ ਪੈਨਸ਼ਨਰਜ਼ ਐਸੋਸੀਏਸ਼ਨ, ਮਹਿਲ ਸਿੰਘ ਸੂਬਾ ਪ੍ਰਧਾਨ ਪੰਜਾਬ ਵਣ ਵਿਭਾਗ ਡਰਾਈਵਰ ਐਸੋਸੀਏਸ਼ਨ ਨੇ ਕੀਤਾ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕਰਦਿਆਂ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਉਣ ਅਤੇ ਲੋਕਾਂ ਅੰਦਰ ਬਣੇ ਦਹਿਸ਼ਤ ਦੇ ਪਰਛਾਵੇਂ ਨੂੰ ਮਿਟਾਉਣ ਲਈ ਢੁੱਕਵੇਂ ਕਦਮ ਚੁੱਕੇ।

ਕਾਂਗਰਸੀ ਆਗੂਆਂ ਨੇ ਸ਼ਹਿਰ ਦੀਆਂ ਸਮੱਸਿਆਵਾਂ ਸੰਬੰਧੀ ਦਿੱਤਾ ਮੰਗ ਪੱਤਰ

ਸੰਗਰੂਰ (ਪ੍ਰਵੀਨ ਸਿੰਘ)-ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਰੌਕੀ ਬਾਂਸਲ, ਹਰਪਾਲ ਸਿੰਘ ਸੋਨੂੰ ਵਾਈਸ ਚੇਅਰਮੈਨ ਓਬੀਸੀ ਡੀਪਾਰਟਮੈਂਟ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਸਾਰੇ ਸੀਨੀਅਰ ਕਾਂਗਰਸੀ ਆਗੂਆਂ ਨੇ ਮਿਲ ਕੇ ਐਸ.ਡੀ.ਐਮ. ਨੂੰ ਸ਼ਹਿਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਸ਼ਹਿਰ ਅੰਦਰ ਬੰਦ ਪਈਆਂ ਸਟਰੀਟ ਲਾਈਟਾਂ, ਜਿਨ੍ਹਾਂ ਵਿੱਚੋਂ ਕੁਝ ਖਰਾਬ ਪਈਆਂ ਹਨ ਅਤੇ ਉਨ੍ਹਾਂ ਨੂੰ ਠੀਕ ਕਰਨ ਦਾ ਸਮਾਨ ਮਿਊਂਸਪਲ ਕਮੇਟੀ ਪਾਸ ਵੀ ਨਹੀਂ ਹੈ, ਜਿਸ ਕਾਰਨ ਸਹਿਰ ਵਾਸੀਆਂ ਨੂੰ ਧੁੰਦਾਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਈ.ਓ ਸੰਗਰੂਰ ਦੀ ਪੱਕੀ ਨਿਯੁਕਤੀ ਨਹੀਂ ਹੈ ਅਤੇ ਦੂਜੇ ਪਾਸੇ ਸੰਗਰੂਰ ਦੇ ਕਈ ਏਰੀਏ ਵਿੱਚ ਸੀਵਰੇਜ ਦਾ ਗੰਦਾ ਪਾਣੀ ਬਾਹਰ ਆਉਣ ਕਾਰਨ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਐਸ.ਡੀ.ਐਮ. ਨੂੰ ਕਿਹਾ ਗਿਆ ਕਿ ਮਿਊਂਸਪਲ ਕਮੇਟੀ ਵਿੱਚ ਹੋ ਰਹੀ ਐਨ.ਓ.ਸੀ. ਤੇ ਐਨ.ਡੀ.ਸੀ. ਦੇ ਸਬੰਧੀ ਲੁੱਟ ਨੂੰ ਰੋਕਿਆ ਜਾਵੇ, ਜਿਸ ਕਾਰਨ ਆਮ ਲੋਕਾਂ ਨੂੰ ਰਜਿਸਟਰੀਆਂ ਕਰਾਉਣ ਸਬੰਧੀ ਖੱਜਲ ਖੁਆਰ ਹੋਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਵਿਸੇ ਸਬੰਧੀ ਕੋਈ ਕਾਰਵਾਈ ਨਾ ਹੋਈ ਤਾਂ ਕਾਂਗਰਸ ਪਾਰਟੀ ਵੱਲੋਂ ਮਿਊਂਸਪਲ ਕਮੇਟੀ ਸੰਗਰੂਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।

ਰਣਜੀਤ ਹੰਡਾਣਾ ਪੀ ਆਰ ਟੀ ਸੀ ਦੇ ਚੇਅਰਮੈਨ ਬਣਨ 'ਤੇ ਸਨਮਾਨਤ

ਕੋਟ ਈਸੇ ਖਾਂ (ਅਰੋੜਾ)-ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਇਸ ਦੇ ਵਰਕਰਾਂ ਦੀ ਕਾਰਗੁਜ਼ਾਰੀ, ਅਨੁਸ਼ਾਸਨ ਤੇ ਸੀਨੀਆਰਤਾ ਦੇ ਮੱਦੇਨਜ਼ਰ ਉਨ੍ਹਾਂ ਵਿਅਕਤੀਆਂ ਨੂੰ ਬੋਰਡਾਂ, ਕਾਰਪੋਰੇਸ਼ਨ ਵਿੱਚ ਅਹਿਮ ਅਹੁਦਿਆਂ ਤੇ ਨਾਮਜ਼ਦ ਕੀਤਾ ਜਾ ਰਿਹਾ ਹੈ, ਜੋ ਪਾਰਟੀ ਪ੍ਰਤੀ ਪੂਰੀ ਤਰ੍ਹਾਂ ਸੰਜੀਦਾ ਹੁੰਦੇ ਹੋਏ ਲੰਮੇ ਸਮੇਂ ਤੋਂ ਇਸ ਵਿੱਚ ਲਗਣ, ਮਿਹਨਤ ਅਤੇ ਪਾਰਟੀ ਨੂੰ ਅੱਗੇ ਵਧਾਉਣ ਲਈ ਦਿਨ ਰਾਤ ਕੰਮ ਕਰਦੇ ਆ ਰਹੇ ਹਨ। ਸ੍ਰੀ ਰਣਜੀਤ ਸਿੰਘ ਹੰਡਾਣਾ ਜੋ ਕਿ ਆਪ ਦੇ ਸੂਬਾ ਸਕੱਤਰ ਵੀ ਹਨ, ਨੂੰ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ ਦਾ ਚੇਅਰਮੈਨ ਬਣਾ ਕੇ ਉਨ੍ਹਾਂ 'ਤੇ ਇਕ ਹੋਰ ਵੱਡੀ ਜ਼ਿੰਮੇਵਾਰੀ ਪਾਈ ਗਈ ਹੈ। ਇਸ ਖੁਸ਼ੀ ਦੇ ਪਲ ਵਿੱਚ ਇਸ ਨੂੰ ਸਾਂਝੀ ਕਰਨ ਲਈ ਐਸਸੀ ਵਿੰਗ ਦੇ ਸੂਬਾਈ ਪ੍ਰਧਾਨ ਸ੍ਰੀ ਅਮਰੀਕ ਸਿੰਘ ਬੰਗੜ ਤੇ ਹੋਰ ਸਮੁੱਚੀ ਟੀਮ ਜਿਨ੍ਹਾਂ ਵਿੱਚ ਜ਼ਿਲ੍ਹਾ ਮੋਗਾ ਦੇ ਐਸਸੀ ਵਿੰਗ ਦੇ ਸਕੱਤਰ ਸ੍ਰੀ ਸੁਰਜੀਤ ਸਿੰਘ ਗਿੱਲ ਲੁਹਾਰਾ ਅਤੇ ਜਗਰੂਪ ਸਿੰਘ ਮੀਤ ਪ੍ਰਧਾਨ ਐਸ ਸੀ ਵਿੰਗ ਮੋਗਾ ਵੀ ਸ਼ਾਮਲ ਸਨ, ਵੱਲੋਂ ਚੇਅਰਮੈਨ ਹਡਾਣਾ ਨੂੰ ਵਧਾਈ ਦਿੰਦੇ ਹੋਏ ਸਨਮਾਨਤ ਕੀਤਾ ਗਿਆ। ਸ੍ਰੀ ਅਮਰੀਕ ਸਿੰਘ ਬੰਗੜ ਤੇ ਸਰਜੀਤ ਸਿੰਘ ਗਿੱਲ ਲੁਹਾਰਾ ਨੇ ਦੱਸਿਆ ਕਿ ਸ੍ਰੀ ਰਣਜੀਤ ਸਿੰਘ ਹਡਾਣਾ ਮੁੱਢ ਤੋਂ ਹੀ ਆਮ ਆਦਮੀ ਪਾਰਟੀ ਦੇ ਵਫ਼ਾਦਾਰ ਸਿਪਾਹੀ ਚਲੇ ਆ ਰਹੇ ਹਨ ਅਤੇ ਉਨ੍ਹਾਂ ਵੱਲੋਂ ਪਾਰਟੀ ਸਫਾਂ ਵਿੱਚ ਪੂਰੀ ਇਮਾਨਦਾਰੀ ਨਾਲ ਕੀਤੇ ਗਏ ਕੰਮਾਂ ਕਾਰਨ ਹੀ ਉਨ੍ਹਾਂ ਨੂੰ ਇਹ ਵੱਡੀ ਪਦਵੀ ਨਾਲ ਨਿਵਾਜ਼ਿਆ ਗਿਆ ਹੈ।

ਕਾਤਰਾਂ

ਮੈਕਰੋ ਗਲੋਬਲ ਨੇ ਲਵਾਇਆ ਸਟੱਡੀ ਵੀਜ਼ਾ

ਜਗਰਾਉਂ (ਸੰਜੀਵ ਅਰੋੜਾ)-ਮੈਕਰੋ ਗਲੋਬਲ ਦੀ ਬ੍ਰਾਂਚ ਇੱਕ ਵਾਰ ਫਿਰ ਹੋਣਹਾਰ ਵਿਦਿਆਰਥੀ ਦਾ ਵਿਦੇਸ਼ ਜਾ ਕੇ ਪੜ੍ਹਨ ਦਾ ਸੁਪਨਾ ਸਾਕਾਰ ਕਰਨ ਵਿੱਚ ਮਦਦਗਾਰ ਸਾਬਤ ਹੋਈ ਹੈ। ਸਿਮਰਨਜੀਤ ਸਿੰਘ ਸਪੁੱਤਰ ਸੁਖਦੇਵ ਸਿੰਘ ਨਿਵਾਸੀ ਕੁਲਾਰ ਨੇ ਆਪਣੇ ਸਟੱਡੀ ਬਾਰੇ ਪੁੱਛ ਪੜਤਾਲ ਕਰਨ ਤੋਂ ਬਾਅਦ ਆਪਣਾ ਕੇਸ ਇੱਥੋਂ ਲਵਾਇਆ। ਸਿੱਟੇ ਵਜੋਂ ਵਧੀਆ ਸੇਧ ਤੇ ਕਾਰਗੁਜ਼ਾਰੀ ਸਦਕਾ ਆਪਣਾ ਕੈਨੇਡਾ ਦਾ ਸਟੱਡੀ ਵੀਜ਼ਾ ਪ੍ਰਾਪਤ ਕੀਤਾ। ਸਟੱਡੀ ਵੀਜ਼ਾ ਪ੍ਰਾਪਤ ਕਰਨ 'ਤੇ ਸਿਮਰਨਜੀਤ ਸਿੰਘ ਨੇ ਜਗਰਾਉਂ ਬ੍ਰਾਂਚ ਦੇ ਸਮੂਹ ਇਮੀਗ੍ਰੇਸ਼ਨ ਸਟਾਫ ਅਤੇ ਐਮ.ਡੀ. ਗੁਰਮਿਲਾਪ ਸਿੰਘ ਡੱਲਾ ਦਾ ਬੁਹਤ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੇ ਸੰਸਥਾਪਕ ਗੁਰਮਿਲਾਪ ਸਿੰਘ ਡੱਲਾ ਨੇ ਜਗਰਾਉਂ ਬ੍ਰਾਂਚ ਦੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਤੇ ਸਿਮਰਨਜੀਤ ਸਿੰਘ ਨੂੰ ਉਸ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਸਿਵਲ ਸਰਜਨ ਨੇ ਆਮ ਆਦਮੀ ਕਲੀਨਿਕ ਸੋਨਾ ਕਾਸਟਿੰਗ ਦੀ ਕੀਤੀ ਚੈਕਿੰਗ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਵੱਲੋਂ ਆਮ ਆਦਮੀ ਕਲੀਨਿਕ ਸੋਨਾ ਕਾਸਟਿੰਗ, ਮੰਡੀ ਗੋਬਿੰਦਗੜ੍ਹ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਸਬ ਡਵੀਜ਼ਨਲ ਹਸਪਤਾਲ ਮੰਡੀ ਗੋਬਿੰਦਗੜ੍ਹ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ ਜੈਦੀਪ ਚਾਹਲ ਵੀ ਨਾਲ ਸਨ। ਚੈਕਿੰਗ ਦੌਰਾਨ ਉਨ੍ਹਾਂ ਸਟਾਫ਼ ਦੀ ਹਾਜ਼ਰੀ ਚੈੱਕ ਕੀਤੀ ਅਤੇ ਆਮ ਆਦਮੀ ਕਲੀਨਿਕ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਕਲੀਨਿਕ ਵਿੱਚ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਆਮ ਆਦਮੀ ਕਲੀਨਿਕ ਦੇ ਕੰਮਕਾਜ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਸਮੂਹ ਸਟਾਫ਼ ਨੂੰ ਆਪੋ ਆਪਣੀ ਡਿਊਟੀ ਸਮੇਂ ਸਿਰ 'ਤੇ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ। ਉਨ੍ਹਾਂ ਫਲੂ ਵਰਗੇ ਲੱਛਣਾਂ ਵਾਲੇ ਮਰੀਜ਼ਾਂ ਵੱਲ ਵਿਸ਼ੇਸ਼ ਤਵੱਜੋਂ ਦੇਣ ਲਈ ਵੀ ਕਿਹਾ ਅਤੇ ਮਰੀਜ਼ਾਂ ਨੂੰ ਦਵਾਈਆਂ ਕਲੀਨਿਕ ਵਿੱਚੋਂ ਹੀ ਦੇਣ ਲਈ ਕਿਹਾ ਅਤੇ ਲੋੜੀਂਦੇ ਲੈਬਾਰਟਰੀ ਟੈਸਟ ਵੀ ਕਲੀਨਿਕ ਵਿੱਚ ਹੀ ਕਰਨ ਦੀ ਹਦਾਇਤ ਕੀਤੀ।

ਅੱਖਾਂ ਦਾ ਕੈਂਪ 17 ਨੂੰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੁਸਾਇਟੀ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ, ਤ੍ਰਿਵੇਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਕੁਲਦੀਪ ਗਰਗ (ਕਾਲਾ ਰਾਈਆ) ਵੱਲੋਂ ਆਪਣੇ ਪਿਤਾ ਭੀਮ ਚੰਦ ਗਰਗ (ਰਾਈਏ ਵਾਲੇ) ਦੀ ਯਾਦ ਵਿੱਚ 96ਵਾਂ ਅੱਖਾਂ ਦਾ ਚੈੱਕਅਪ ਅਤੇ ਅਪ੍ਰੇਸ਼ਨ (ਲੈਂਜ) ਕੈਂਪ 17 ਦਸੰਬਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ, ਸਥਾਨ ਸੰਤ ਤ੍ਰਿਵੇਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ ਵਿਖੇ ਲਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਪ੍ਰੇਸ਼ਨ ਕਰਾਉਣ ਵਾਲੇ ਮਰੀਜ਼

page-6-15-Dec.-2023-(SM).qxd 12/14/2023 10:43 PM Page 1

ਹਰਿਆਣਾ ਨੂੰ ਮਿਲੇਗਾ ਉਸ ਦਾ 'ਰਾਜ ਗੀਤ'

* ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ 'ਚ ਰੱਖਿਆ ਜਾਵੇਗਾ ਪ੍ਰਸਤਾਵ : ਮੁੱਖ ਮੰਤਰੀ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਜਲਦੀ ਹੀ ਹਰਿਆਣਾ ਨੂੰ ਉਸ ਦਾ ਆਪਣਾ ਰਾਜ ਗੀਤਾ ਮਿਲੇਗਾ। ਮੁੱਖ ਮੰਤਰੀ ਨੇ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਵੱਖ-ਵੱਖ ਮੁਕਾਬਿਲਆਂ ਰਾਹੀਂ ਸਰਕਾਰ ਨੇ 3 ਗੀਤਾਂ ਦਾ ਚੋਣ ਕੀਤਾ ਹੈ ਅਤੇ ਸਦਨ ਦੇ ਪਟਲ 'ਤੇ ਤਿੰਨਾਂ ਗੀਤਾ ਨੂੰ ਪੇਸ਼ ਕੀਤਾ ਜਾਵੇਗਾ।

ਮਤਾਂ ਦੇ ਆਧਾਰ 'ਤੇ ਸਭ ਤੋਂ ਵੱਧ ਵੋਟਾਂ ਮਿਲਣ ਵਾਲੇ ਗੀਤ ਨੂੰ ਇਕ ਸਾਲ ਦੇ ਲਈ ਰਾਜ ਗੀਤ ਐਲਾਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਬਨਣ ਦੇ ਬਾਅਦ ਅਸੀਂ ਸਾਲ ਵਿੱਚ ਘੱਟ ਤੋਂ ਘੱਟ 3 ਵਿਧਾਨਸਭਾ ਦੇ ਸੈਸ਼ਨ ਬਜਟ ਸੈਂਸ਼ਨ, ਮਾਨਸੂਨ ਸੈਸ਼ਨ ਅਤੇ ਸਰਦ ਰੁੱਤ ਸੈਸ਼ਨ ਬੁਲਾਉਣਾ ਯਕੀਨੀ ਕੀਤੇ ਹਨ ਤਾਂ ਜੋ ਵਿਧਾਇਕਾਂ ਨੂੰ ਵੱਧ ਤੋਂ ਵੱਧ ਭਾਗੀਦਾਰੀ ਕਰਨ ਦਾ ਮੌਕਾ ਮਿਲੇ।

ਪਿਛਲੀ ਸਰਕਾਰ ਵਿੱਚ ਤਾਂ 2 ਹੀ ਸੈਸ਼ਨ ਬੁਲਾਏ ਜਾਂਦੇ ਸਨ। ਮੁੱਖ ਮੰਤਰੀ ਨੇ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਤਹਿਤ ਅਸਥਾਈ ਨੌਕਰੀ ਲਈ 986 ਲੋਕਾਂ ਨੂੰ ਜਾਬ ਆਫਰ ਲੈਟਰ ਭੇਜੇ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਤੋਂ ਠੇਕਾ ਆਧਾਰ 'ਤੇ ਲੱਗੇ ਕਰਮਚਾਰੀਆਂ ਨੂੰ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਵਿਚ ਪੋਰਟ ਕੀਤਾ ਗਿਆ ਹੈ ਅਤੇ ਨਵੇਂ ਸਿਰੇ ਤੋਂ ਵੀ ਲੋਕਾਂ ਨੂੰ ਨੌਕਰੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਨਿਗਮ ਦੇ ਤਹਿਤ ਲੋਕਾਂ ਨੂੰ ਨੌਕਰੀ ਦੇਣ ਦੇ ਕੁੱਝ ਮਾਨਦੰਡ ਤੈਅ ਕੀਤੇ ਗਏ ਹਨ, ਜਿਸ ਦੇ ਤਹਿਤ ਸਾਫਟਵੇਅਰ ਰਾਹੀਂ ਬੇਹੱਦ ਪਾਰਦਰਸ਼ੀ ਢੰਗ ਨਾਲ ਯੋਗ ਉਮੀਦਵਾਰਾਂ ਦਾ ਚੋਣ ਕੀਤਾ ਜਾਂਦਾ ਹੈ।

Public Notice

I, Lakhwinder Singh Binning S/o Balvir Singh R/o VPO Chachoki P.S. Phagwara, Distt. Jalandhar, declare that in my Passport No. X237380 my & my Family Member name wrongly written as Lakhbinder Binning (self) Balbir Kaur (Father) Sukhvinder Kaur (Mother) Parjeet Kaur Wife but our Correct name as Lakhwinder Singh Binning (self), Balvir Singh (Father) Sukhwinder Kaur (Mother) Harjit Kaur Binning (wife). All concerned please note. (Dhadda)

I, Poonam Gupta D/o Sh. Parshotam Lal R/o 10, Neta Ji Park, Jalandhar. Whereas on my Passport No. L6578773, Erroneously Misspelt as Punam Gupta be corrected as Poonam Gupta accordingly.

PUBLIC NOTICE

Under the instruction of POONAWALA HOUSING FINANCE LIMITED, I hereby informed the general public that Atla Devi w/o Avadh Naresh is absolute owner of Property measuring 2.5 Marlas being 1/10 share of 1 Kanal 5 Marlas bearing Khasra no. 74//3/3(1-5), situated at Fatehgarh Churian, Tehsil Batala District Gurdaspur Boundaries of the Plot East: Bashir Masih, West: Sodhi, North: Gali, South: Gali. That in the Jamabandi for the year 2008-09, 2013-14 Kulwant Singh s/o Sudha Singh is the owner of 2.5 Marlas of property. Then Kulwant Singh s/o Sudha Singh sold 2.5 Marlas to Atla Devi w/o Avadh Naresh vide sale deed regd dated 26.03.2014 as doc no.1577 of which mutation no.7795 has been sanctioned by revenue authorities and same is shown as owner of 2.5 Marlas in the Jamabandi for the year 2018-19. Now Avadh Naresh and Atla Devi w/o Avadh Naresh are taking loan on said property from POONAWALA HOUSING FINANCE LIMITED Plot no 3 Above SBI Bank, Lawrence Road, Amritsar. Atla Devi w/o Avadh Naresh has lost previous documents i.e. 1. Original Sale Deed of Kulwant Singh s/o Sudha Singh. A Missing Article receipt dt 13/12/2023 Bearing no 413725/2023 has also been got registered in this respect. Anybody having claim or claiming any prior rights or interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned and may submit objections in writing within 7 days in writing from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with POONAWALLA HOUSING FINANCE LTD.

Vikas Verma (Advocate), House no 264, Basant Avenue, Near I.M. A House, Amritsar
Ph: 9815156302

Public Notice

I, Simranjeet Kaur W/o Harjinder Singh R/o Village Data Post Office Saidupur Tehsil Dasuya Distt.Hoshiarpur Punjab have change my name as Simranjit Kaur. All concerned note. 9878145307

COURT NOTICE

(U/o 5 Rule 20 CPC)
In the Court of
Ms. Rajwinder Kaur-II,
Civil Judge (Junior Division),
Ludhiana.
CNR No. PBLD 02-000503-2022
Next Date : 02-01-2024
Harpal Kaur vs. Swaran Singh
Publication Issued to : Paramjit Kaur D/o Bachan Singh S/o Bagh Singh Harbans Kaur D/o Bachan Singh S/o Bagh Singh Ramanpreet Singh S/o Ajaib Singh S/o Arjan Singh, Prem Kumar S/o Raj Kumar S/o Daleep Chand Neeraj Kumar S/o Sarabjit Singh S/o Hari Singh.
All are Residents/Khewatdars of Village Mundian Kalan, H.B. No. 179, Tehsil and Distt. Ludhiana.
In above titled case, the defendant(s)/respondent(s) could not be served, it is ordered that defendant(s)/respondent(s) should appear in person or through counsel on 02-01-2024 at 10.00 a.m.
For details logon to https://highcourtchd.gov.in/?trs=district_notice&district=Ludhiana.
Civil Judge (Junior Division),
Ludhiana.
Dated, this day of 22-11-2023

ਜਨਤਕ ਨੋਟਿਸ

ਇਸ ਪ੍ਰਕਾਸ਼ਨ ਦੁਆਰਾ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਮੇਰਾ ਗਾਹਕ ਜਾਇਦਾਦ ਖਰੀਦਣ ਦਾ ਇਰਾਦਾ ਰੱਖਦਾ ਹੈ। ਜਿਵੇਂ ਕਿ ਪਲਾਟ ਨੰਬਰ 4,5,6, ਜਿਸਦਾ ਕੁੱਲ ਖੇਤਰਫਲ 560 ਵਰਗ ਗਜ ਹੈ। (ਲਗਪਗ) ਖਸਰਾ ਨੰਬਰ 10//25/1, 25/2, 25/3, 11//10 ਮਿੰਟ, ਜੋ ਕਿ ਭਰਦੀਵਾਲ ਉਪ ਸ਼ਹਿਰੀ ਝਬਾਲ ਰੋਡ ਅੰਮ੍ਰਿਤਸਰ ਪੰਜਾਬ ਵਿਖੇ ਸਥਿਤ ਹੈ ਇਸਦੇ ਮਾਲਕ ਸ਼੍ਰੀਮਤੀ ਊਸ਼ਾ ਰਾਣੀ ਪਤਨੀ ਸ਼੍ਰੀ. ਓਮ ਪ੍ਰਕਾਸ਼, ਸ਼੍ਰੀ ਵੇਦ ਪ੍ਰਕਾਸ਼ ਪੁੱਤਰ ਸ਼੍ਰੀ ਬੁੱਢਾ ਮੱਲ ਚਾਵਲਾ ਅਤੇ ਸ਼੍ਰੀਮਤੀ ਸੰਯੋਗਤਾ ਰਾਣੀ ਪਤਨੀ ਸ਼੍ਰੀ ਸੁਰਿੰਦਰ ਕੁਮਾਰ ਚਾਵਲਾ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜੇਕਰ ਕਿਸੇ ਵਿਅਕਤੀ, ਫਰਮ, ਕੰਪਨੀ, ਟਰੱਸਟ, ਕਿਸੇ ਵਿਅਕਤੀ ਦਾ ਕਾਨੂੰਨੀ ਵਾਰਸ, ਉਪਰੋਕਤ ਸੰਪਤੀ ਦੇ ਕਿਸੇ ਵੀ ਕਿਸਮ ਦੇ ਜਾਇਦਾਦ ਦੇ ਅਧਿਕਾਰ, ਸਿਰਲੇਖ ਨੂੰ ਪ੍ਰਾਪਤ ਕਰਨ ਜਾਂ ਦਾਅਵਾ ਕਰਨ ਵਾਲਾ ਜਾਂ ਕਿਸੇ ਕਿਸਮ ਦਾ G.P.A. ਰੱਖਦਾ ਹੈ ਜਾਂ ਕਿਸੇ ਅਧਿਕਾਰ ਦੀ ਪੁਸ਼ਟੀ ਕਰਦਾ ਹੈ।, ਜ਼ਿੰਮੇਵਾਰੀ, ਸੰਪੱਤੀ, 'ਤੇ ਅਦਾਲਤ ਦਾ ਕੇਸ ਇਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 15 (ਪੰਦਰਾਂ) ਦਿਨਾਂ ਦੇ ਮਿਆਦ ਦੇ ਅੰਦਰ ਹੇਠਾਂ ਹਸਤਾਖਰਿਤ ਵਿਅਕਤੀ ਨਾਲ ਸੰਪਰਕ ਕਰ ਸਕਦਾ ਹੈ।

ਮਿਤੀ: 15-12-2023

ਐਡਵੋਕੇਟ ਸੁਨੀਲ ਦਵੇਸਰ
ਏ 210, ਗੇਟ ਨੰ 3, ਜ਼ਿਲ੍ਹਾ ਅਦਾਲਤ, ਅੰਮ੍ਰਿਤਸਰ-143001
(M) 94171-19534 ਈ-ਮੇਲ: sunildavessar@yahoo.com

COURT NOTICE

(U/o 5 Rule 20 CPC)
In the Court of
Sanjeeta
Additional Principal Judge
Family Court, Amritsar.
CNR No. PBAS01-001930-2023
Next Date : 23-02-2024
Amandeep Kaur aged About 33 Years W/o Parminder Singh D/o Ajit Singh R/o Village Bhilowal, Tehsil and Distt. Amritsar.
Vs.
Parminder Singh @ Happy
Publication Issued to : Parminder Singh @ Happy Father : Balwinder Singh, R/o House No. 344, Guru Nanak School Wali Gali, Rayya, Tehsil Baba Bakala, Sahib, Distt. Amritsar.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 23-02-2024 at 10.00 a.m.
For details logon to https://highcourtchd.gov.in/?trs=district_notice&district=Amritsar.
Additional Principal Judge
Family Court Amritsar.
Dated, this day of 14-12-2023

COURT NOTICE

In the Court of
Sh. Tarunpreet Singh,
Judicial Magistrate-1st Class, Ludhiana.
Coma/9217/2021
CNR No. PBLD 03-018163-2021 Next Date : 29-01-2024
IDFC First Bank Limited vs. Davinder Kumar
Publication Issued to : Davinder Kumar#House No. 1810/5 Guru Nanak Dev Nagar, Haibowal Kalan, Ludhiana 141001.
In above titled case, the accused could not be served. It is Ordered that accused should appear in person or through counsel on 29-01-2024 at 10.00 a.m.
For details logon to https://highcourtchd.gov.in/?trs=district_notice&district=Ludhiana.
Judicial Magistrate-1st Class,
Ludhiana
Dated, this day of 04-12-2023

ਭਾਰਤੀਯ ਰੇਲ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

"ਸਾਰਵਜਨਿਕ ਸੂਚਨਾ"

ਉੱਤਰ ਰੇਲਵੇ ਦੇ ਹੇਠਾ ਲਿਖੇ ਸੈਕਸ਼ਨ ਦੇ ਪੂਰੇ ਖੰਡ ਉਤੇ ਸਥਿਤ ਰੇਲਵੇ ਲਾਇਨਾਂ ਅਤੇ ਪਰਿਸਰਾ ਦੇ ਸਾਰੇ ਉਪਯੋਗਕਰਤਾਵਾਂ ਨੂੰ ਇਸ ਦੁਵਾਰਾ ਨੋਟਿਸ ਦਿਤਾ ਜਾਂਦਾ ਹੈ ਕਿ 25 ਕੇਵੀ, 50 ਹਰਟਜ, ਏਸੀ ਓਵਰਹੇਡ ਟ੍ਰੈਕਸ਼ਨ ਵਾਯਰ ਸੈਕਸ਼ਨ ਦੇ ਖਿਲਾਫ ਨਿਦਰਿਸ਼ਟ ਮਿਤੀ ਨੂੰ ਜਾਂ ਉਸਦੇ ਬਾਦ ਸਕ੍ਰਿਯ ਹੋ ਜਾਣਗੇ। ਉਸੀ ਮਿਤੀ ਨੂੰ ਅਤੇ ਉਸੀ ਮਿਤੀ ਤੋਂ ਓਵਰਹੇਡ ਟ੍ਰੈਕਸ਼ਨ ਲਾਇਨ ਨੂੰ ਹਰ ਸਮੇਂ ਲਾਇਵ ਮੰਨਿਆ ਜਾਵੇਗਾ ਅਤੇ ਕੋਈ ਵੀ ਅਨਧਿਕ੍ਰਿਤ ਵਿਕਅਤੀ ਉਕਤ ਓਵਰਹੇਡ ਲਾਇਨ ਦੇ ਕੋਲ ਨਹੀਂ ਪਹੁੰਚੇਗਾ ਜਾਂ ਕੰਮ ਨਹੀਂ ਕਰੇਗਾ।

ਡਵੀਜਨ	ਸੈਕਸ਼ਨ	ਕਿਲੋਮੀਟਰ		ਵਿਦੁਯਤੀਕਰਣ ਦੀ ਮਿਤੀ
		ਤੋਂ	ਤਕ	
ਫਿਰੋਜ਼ਪੁਰ	ਉੱਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਦੇ ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ (ਐਸਵੀਡੀਕੇ) ਸਟੇਸ਼ਨ ਉਤੇ ਲਾਇਨ ਨੰਬਰ 7 (ਵਾਸ਼ਿੰਗ ਲਾਇਨ ਨੰਬਰ 2) ਉਤੇ 25 ਕੇਵੀ ਏਸੀ ਸਿੰਗਲ ਚਰਣ 50 ਹਰਟਜ ਆਪੂਰਤੀ ਉਤੇ ਓਐਚਈ ਦਾ ਵਿਯੁੱਤੀਕਰਣ।	ਓ.ਐਚ.ਈ ਲੋਕੇਸ਼ਨ SVDK/ 1010, ਚੇਨੇਜ ਕਿ.ਮੀ. 77/563.00	ਓ.ਐਚ.ਈ ਲੋਕੇਸ਼ਨ SVDK/ 1079, ਚੇਨੇਜ ਕਿ.ਮੀ. 78/454.00	21.12.2023

ਵਾਸਤੇ ਸੀਨੀਅਰ ਮੰਡਲ ਵਿਦੁਯੁਤ ਇੰਜੀਨੀਅਰ
ਕਰਸ਼ਣ ਵਿਤਰਣ ਅਤੇ ਰੋਲਿੰਗ ਸਟਾਕ
ਉੱਤਰ ਰੇਲਵੇ, ਡੀਆਰਐਮ ਦਫਤਰ, ਫਿਰੋਜ਼ਪੁਰ, ਪੰਜਾਬ
3934/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

SMFG INDIA CREDIT COMPANY LIMITED
(formerly Fullerton India Credit Company Limited)

ਕਾਰਪੋਰੇਟ ਦਫਤਰ : 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

(ਸਿਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰ. ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰ. ਲਿਮਟਿਡ), ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੂਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈਸਟ), ਮੰਬਈ-400051 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਤਹਿਤ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ (1) ਐੱਮ ਆਰ ਸਰਵਿਸ ਪੁਆਇੰਟ (2) ਸੀਮਾ (3) ਮਮਤਾ (4) ਰਜਿੰਦਰ (5) ਮੋਹੀਸ਼ ਚੱਢਾ, ਕਰਜ਼ਾ ਖਾਤਾ ਨੰ. # 197601310573523 ਤਹਿਤ ਨੋਟਿਸ 'ਚ ਦਰਸਾਈ 15.07.2023 ਨੂੰ ਰਕਮ ਰੁਪਏ 51,27,272.48/- (ਇਕਵੰਜਾ ਲੱਖ ਸਤਾਈ ਹਜ਼ਾਰ ਦੋ ਸੌ ਬਹੱਤਰ ਰੁਪਏ ਅਤੇ ਅਠਤਾਲੀ ਪੈਸੇ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 27.07.2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 13 ਦਸੰਬਰ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐੱਸ ਐੱਮ ਐੱਫ ਜੀ ਇੰਡੀਆ ਕਰੇਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ) ਦੀ 15.07.2023 ਨੂੰ ਰਕਮ 51,27,272.48/- ਇਕਵੰਜਾ ਲੱਖ ਸਤਾਈ ਹਜ਼ਾਰ ਦੋ ਸੌ ਬਹੱਤਰ ਰੁਪਏ ਅਤੇ ਅਠਤਾਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਜ਼ਮੀਨ ਪਲਾਟ ਨੰ. B-XXX-IV-3573 ਰਕਬਾ 190.65 ਵਰਗ ਗਜ਼, ਖਸਰਾ ਨੰ. 29//16/8/18, 16/8/19, ਖੇਵਟ ਨੰ. 682, ਖਤੌਨੀ ਨੰ. 755, ਜਮ੍ਹਾਂਬੰਦੀ ਸਾਲ 2011-12, ਹੋਬੋਵਾਲ ਕਲਾਂ, ਹਦਬਸਤ ਨੰ. 102, ਅਬਾਦੀ ਦੁਰਗਾਪੁਰੀ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ ਗਲੀ 20' ਚੌੜੀ ਸਾਈਡ 32', ਪੱਛਮ : ਪਲਾਟ ਨੰ. 1120-1125 ਸਾਈਡ 32', ਉੱਤਰ : ਗੁਆਂਢ (ਸੁਧੀਰ ਨਾਰੰਗ) ਸਾਈਡ 52', ਦੱਖਣ : ਗੁਆਂਢ (ਕਿਰਨ ਚੱਢਾ) ਸਾਈਡ 52'

ਸਥਾਨ : ਲੁਧਿਆਣਾ, ਮਿਤੀ : 15.12.2023 ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)

ਮਾਸਟਰ ਚਤਰ ਸਿੰਘ ਨੇ ਜਦ ਕਾਲਜ ਦੇ ਅੰਗਰੇਜ਼ ਪ੍ਰਿੰਸੀਪਲ .... (ਸਫ਼ਾ 4 ਦੀ ਬਾਕੀ)

ਸ਼ਾਮ ਵੇਲੇ ਅੰਮ੍ਰਿਤਸਰ ਪੁੱਜਾ, ਛਵ੍ਹੀ ਲੁਕੋ ਕੇ ਰੱਖ ਦਿੱਤੀ। ਪ੍ਰਿੰਸੀਪਲ ਦੀ ਕੋਠੀ ਪੁੱਛ ਕੇ ਗਿਆ। ਨੌਕਰ ਨੇ ਦੱਸਿਆ, ਉਹ ਪੋਲੋ ਖੇਡਣ ਗਿਆ ਹੈ।ਉਹ ਪ੍ਰਿੰਸੀਪਲ ਨੂੰ ਪਛਾਣਦਾ ਨਹੀਂ ਸੀ। ਉਹ ਬਾਹਰ ਬਗ਼ੀਚੇ ਵਿੱਚ ਛਵ੍ਹੀ ਤਿਆਰ ਕਰਕੇ ਛੁਪ ਗਿਆ। ਦਿਨ ਡੁੱਬਣ ਮਗਰੋਂ ਇੱਕ ਅੰਗਰੇਜ਼ ਕੋਠੀ ਅੰਦਰ ਗਿਆ। ਉਸ ਨੇ ਸਮਝਿਆ ਪ੍ਰਿੰਸੀਪਲ ਹੈ, ਪਰ ਉਹ ਮਿ: ਤਨਕਲਿਫ ਪ੍ਰੋਫ਼ੈਸਰ ਸੀ।ਬਾਅਦ ਵਿਚ ਇਹ ਜਾਣ ਕੇ ਉਸ ਨੂੰ ਕੁਝ ਅਫਸੋਸ ਹੋਇਆ ਕਿ ਅਸਲੀ ਨਿਸ਼ਾਨਾ ਖੁੰਝ ਗਿਆ। ਉਸ ਦੇ ਪਿੱਛੇ ਪੈ ਕੇ ਛਵ੍ਹੀ ਦੇ ਦੋ-ਤਿੰਨ ਵਾਰ ਕੀਤੇ। ਉਹ ਜ਼ਖਮੀ ਹੋ ਕੇ ਡਿੱਗ ਪਿਆ। ਉਸ ਨੇ ਸਮਝਿਆ ਉਹ ਮਰ ਗਿਆ ਹੈ ਤੇ ਮੇਰਾ ਕੰਮ ਹੋ ਗਿਆ। ਨੌਕਰਾਂ ਨੇ ਰੌਲਾ ਪਾਇਆ। ਉਸ ਉਪਰ ਆਦਮੀ ਆ ਪਏ।ਉਹ ਫੜਿਆ ਗਿਆ। ਪੁਲਸ ਪਹੁੰਚ ਗਈ। ਉਸ ਨੇ ਜ਼ਹਿਰ ਦੀਆਂ ਗੋਲੀਆਂ ਖਾ ਲਈਆਂ, ਪਰ ਉਸ ਨੂੰ ਦਸਤ ਤੇ ਕੈਅ ਸ਼ੁਰੂ ਹੋ ਗਏ। ਜ਼ਹਿਰ ਨਿਕਲ ਗਈ ਤੇ ਉਹ ਬਚ ਗਿਆ ।ਮੁਲਾਕਾਤ ਵਿਚ ਉਹ ਦੱਸਦਾ ਕਿ ਮੈਂ ਸਮਝ ਲਿਆ, ਮੈਂ ਇੱਕ ਅੰਗਰੇਜ਼ ਅਫ਼ਸਰ ਨੂੰ ਮਾਰ ਕੇ ਆਪਣਾ ਫਰਜ਼ ਨਿਭਾਅ ਲਿਆ ਹੈ। ਬਾਕੀ ਕੰਮ ਦੇਸ਼ਵਾਸੀ ਕਰਨਗੇ।ਉਸ ਨੇ ਪੁਲਸ ਨੂੰ ਸਾਫ-ਸਾਫ ਇਕਬਾਲੀ ਬਿਆਨ ਦੇ ਦਿੱਤਾ। ਉਸ 'ਤੇ ਕਤਲ ਦੀ ਕੋਸ਼ਿਸ਼ ਦਾ ਇਲਜ਼ਾਮ ਲਾ ਕੇ ਮੁਕੱਦਮਾ ਚਲਾਇਆ ਗਿਆ। ਮੈਜਿਸਟਰੇਟ ਦੇ ਪੇਸ਼ੀ ਹੋਈ ।ਪੁਲਸ ਦੀਆਂ ਗਵਾਹੀਆਂ ਮਗਰੋਂ ਉਸ ਨੇ ਆਪਣਾ ਬਿਆਨ ਦਿੱਤਾ। ਉਸ ਨੇ ਸਾਫ ਮੰਨਿਆ ਕਿ ਮੈਂ ਪ੍ਰਿੰਸੀਪਲ ਨੂੰ ਕਤਲ ਕਰਨ ਦੇ ਇਰਾਦੇ ਨਾਲ ਆਇਆ ਸਾਂ। ਮੈਂ ਅੰਗਰੇਜ਼ਾਂ ਨੂੰ ਤਾੜਨਾ ਕਰਨਾ ਤੇ ਦੇਸ਼ਵਾਸੀਆਂ ਨੂੰ ਜਗਾਉਣਾ ਚਾਹੁੰਦਾ ਸਾਂ ।ਮੈਜਿਸਟਰੇਟ ਨੇ ਕੇਸ ਸੈਸ਼ਨ ਸਪੁਰਦ ਕਰ ਦਿੱਤਾ ਹੋਇਆ ਸੀ। ਸੈਸ਼ਨ ਜੱਜ ਨੇ ਉਸ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਦਿੱਤੀ। ਉਹ ਅਸਲ ਵਿੱਚ ਫਾਂਸੀ ਦਾ ਚਾਹਵਾਨ ਸੀ।ਕੇਸ 15 ਦਿਨਾਂ ਵਿੱਚ ਹੀ ਤਹਿ ਹੋ ਗਿਆ ਸੀ।ਅੰਮ੍ਰਿਤਸਰ ਸਜ਼ਾ ਮਿਲੀ। ਉਸ ਨੂੰ ਲਾਹੌਰ ਸੈਂਟਰ

15-DEC-PAGE-7.qxd 12/14/2023 10:30 PM Page 1

ਮਨਿਸਟ੍ਰੀਅਲ ਕਾਮਿਆਂ ਨੇ ਫੂਕੀ ਪੰਜਾਬ ਸਰਕਾਰ ਦੀ ਅਰਥੀ

■ ਸਮੂਹਿਕ ਛੁੱਟੀ ਲੈਣਗੇ ਦਫ਼ਤਰੀ ਬਾਬੂ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਦੇ ਮੁਲਾਜ਼ਮ ਮਾਰੂ ਤੇ ਅੜੀਅਲ ਵਤੀਰੇ ਤੋਂ ਅੱਕੇ ਮਨਿਸਟਰੀਅਲ ਕਾਮਿਆਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਤੇ ਪਿੱਟ ਸਿਆਪਾ ਕੀਤਾ।ਅਰਥੀ ਫੂਕ ਮੁਜਾਹਰੇ ਦੀ ਅਗਵਾਈ ਕਰਦਿਆਂ ਪੀ ਐਸ ਐਮ ਐਸ ਯੂ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਮਨਿਸਟ੍ਰੀਅਲ ਕਾਮਿਆਂ ਦੀ ਕਲਮਛੋੜ ਹੜਤਾਲ 36ਵੇਂ ਦਿਨ ਵਿੱਚ ਦਾਖਲ ਹੋ ਚੁੱਕੀ ਹੈ। ਇਹ ਹੜਤਾਲ ਅਜੇ ਤੱਕ ਦੀ ਸਭ ਤੋਂ ਲੰਮੀ ਕਲਮਛੋੜ ਹੜਤਾਲ ਹੈ।ਹੈਰਾਨੀ ਦੀ ਗੱਲ ਹੈ ਕਿ ਏਨੇ ਦਿਨ ਹੜਤਾਲ ਦੇ ਬਾਵਜੂਦ ਸਰਕਾਰ ਨੇ ਮੁਲਾਜ਼ਮਾਂ ਦੀ ਸਾਰ ਨਹੀਂ ਲਈ।ਆਗੂਆਂ ਨੇ ਦੱਸਿਆ ਕਿ ਸੂਬਾ ਬਾਡੀ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ 14 ਤੇ 15 ਨੂੰ ਸਮੂਹ ਮਨਿਸਟਰੀਅਲ ਕਾਮੇ ਸਮੂਹਿਕ ਛੁੱਟੀ ਲੈਣਗੇ ਤੇ ਦਫ਼ਤਰਾਂ ਦਾ ਮੁਕੰਮਲ ਕੰਮ ਠੱਪ ਰੱਖਣਗੇ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਨਾ ਕੀਤੀ ਤਾਂ ਸਰਕਾਰ ਨੂੰ ਇਸਦੇ ਖਾਮਿਆਜੇ ਭੁਗਤਣੇ ਪੈਣਗੇ।ਉਨ੍ਹਾਂ ਕਿਹਾ ਕਿ ਮੁਲਾਜ਼ਮ ਸਰਕਾਰ ਦੇ ਸਮਾਗਮਾਂ/ਰੈਲੀਆਂ ਦੌਰਾਨ ਮੁੱਖ ਮੰਤਰੀ ਤੇ ਮੰਤਰੀਆਂ ਦਾ ਘਿਰਾਓ ਕਰਨਗੇ।ਆਗੂਆਂ ਨੇ ਦੱਸਿਆ ਕਿ ਪੈਨਸ਼ਨ ਹਰੇਕ ਮੁਲਾਜ਼ਮ ਦੇ ਬੁਢਾਪੇ ਦਾ ਸਹਾਰਾ ਹੈ, ਪ੍ਰੰਤੂ ਸਰਕਾਰਾਂ ਨੇ ਮੁਲਾਜ਼ਮਾਂ ਦੇ ਭਵਿੱਖ ਨੂੰ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਹੈ, ਜਿਸ ਨੂੰ ਹਰਗਿਜ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਰੋਸ ਮੁਜ਼ਾਹਰੇ ਦੌਰਾਨ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਅਰਥੀ ਨੂੰ ਫੂਕਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਪਿੱਟ ਸਿਆਪਾ ਕਰਦਿਆਂ ਮੰਨੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਸੀ. ਦਫ਼ਤਰ ਤੋਂ ਸੁਰਿੰਦਰ ਕੁਮਾਰ ਪੀ.ਏ, ਭੁਪਿੰਦਰ ਸਿੰਘ ਸੁਪਰਡੰਟ, ਗੁਰਮੀਤ ਪਾਲ, ਖੇਤੀਬਾੜੀ ਵਿਭਾਗ ਤੋਂ ਅਸ਼ੋਕ ਕੁਮਾਰ, ਸਿੱਖਿਆ ਵਿਭਾਗ ਤੋਂ ਰਾਜੂ ਸਿੰਘ, ਰੋਡਵੇਜ਼ ਤੋਂ ਪਵਨ ਕੁਮਾਰ, ਸਿਹਤ ਵਿਭਾਗ ਤੋਂ ਲੱਕੀ ਕੁਮਾਰ, ਬੀ.ਐਂਡ.ਆਰ. ਤੋਂ ਪਰਮਦੀਪ ਸਿੰਘ, ਸਿੰਚਾਈ ਵਿਭਾਗ ਤੋਂ ਵੀਰ ਚੰਦ, ਰੁਜ਼ਗਾਰ ਦਫ਼ਤਰ ਤੋਂ ਹਰਭਜਨ ਸਿੰਘ, ਖੇਡ ਵਿਭਾਗ ਤੋਂ ਜਤਿੰਦਰ ਸਿੰਘ ਅਤੇ ਲੋਕ ਸੰਪਰਕ ਦਫ਼ਤਰ ਤੋਂ ਮਨਦੀਪ ਬੱਤਰਾ ਆਪੋ ਆਪਣੇ ਵਿਭਾਗ ਦੇ ਸਾਥੀ ਕੁਮਚਾਰੀਆਂ ਸਮੇਤ ਸ਼ਾਮਲ ਹੋਏ।

ਆਊਟਸੋਰਸ ਮੁਲਾਜ਼ਮਾਂ ਦਾ ਵਫ਼ਦ ਐੱਸ ਡੀ ਓ ਨੂੰ ਮਿਲਿਆ

ਬਰੇਟਾ (ਰੀਤਵਾਲ)-ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਦੇ ਆਊਟਸੋਰਸ ਮੁਲਾਜ਼ਮਾਂ ਦਾ ਇੱਕ ਵਫ਼ਦ ਸਬ ਡਵੀਜ਼ਨ ਦੇ ਐਸ.ਡੀ.ਓ ਨੂੰ ਮਿਲਿਆ ਅਤੇ ਮੁਲਾਜ਼ਮਾਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕੀਆਂ ਮੰਗਾਂ ਸਬੰਧੀ ਜਾਣੂ ਕਰਾਇਆ। ਸਰਕਾਰ ਵੱਲੋਂ ਇੱਕ ਪੱਤਰ ਜਾਰੀ ਕਰਕੇ ਆਊਟਸੋਰਸ ਮੁਲਾਜ਼ਮਾਂ ਨੂੰ ਕੰਟਰੈਕਟ ਪਾਲਿਸੀ ਤਿਆਰ ਕੀਤੀ ਗਈ ਸੀ, ਪ੍ਰੰਤੂ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਜ਼ਿਲ੍ਹਾ ਮਾਨਸਾ ਦੀ ਅਫ਼ਸਰਸ਼ਾਹੀ ਵੱਲੋਂ ਇਸ ਪਾਲਿਸੀ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਜ਼ਿਲ੍ਹਾ ਮਾਨਸਾ ਸੀਵਰੇਜ ਬੋਰਡ ਦੀ ਅਫ਼ਸਰਸ਼ਾਹੀ ਨੇ ਇਸ ਪੱਤਰ ਤੇ ਕੋਈ ਵੀ ਪ੍ਰਤੀਕਿਰਿਆ ਨਾ ਕਰਕੇ ਆਊਟਸੋਰਸ ਮੁਲਾਜ਼ਮਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਮੁਲਾਜ਼ਮ ਜਥੇਬੰਦੀ ਨੇ ਜ਼ਿਲ੍ਹਾ ਮਾਨਸਾ ਅਮਨਦੀਪ ਕੁਮਾਰ, ਐਸ ਡੀ ਓ ਸਾਹਿਬ ਲਲਿਤ ਕੁਮਾਰ ਤੋਂ ਮੰਗ ਕੀਤੀ ਕਿ ਆਊਟਸੋਰਸ ਮੁਲਾਜ਼ਮਾਂ ਨੂੰ ਕੰਟਰੈਕਟ ਤੇ ਕਰਨ ਵਾਲੀ ਪਾਲਿਸੀ ਵਾਲੇ ਪੱਤਰ ਤੇ ਗੌਰ ਕੀਤੀ ਜਾਵੇ ਤੇ ਕਾਰਵਾਈ ਸ਼ੁਰੂ ਕੀਤੀ ਜਾਵੇ। ਇਸ ਮੌਕੇ ਸੂਬਾ ਆਗੂ ਸੱਤਪਾਲ ਸਿੰਘ ਕੁਲਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਰਾਜੇਸ਼ ਕੁਮਾਰ ਮਾਨਸਾ, ਰਵਿੰਦਰ ਬੋਹਾ ਗੁਰਦੇਵ ਸਿੰਘ, ਮੀਤ ਪ੍ਰਧਾਨ ਗੋਗੀ ਭੀਖੀ, ਬੀਰ ਸਿੰਘ ਪ੍ਰੈਸ ਸਕੱਤਰ ਤੇ ਜਗਵੀਰ ਬੁਢਲਾਡਾ ਆਦਿ ਹਾਜ਼ਰ ਸਨ।

ਸਵੱਛ ਤੇ ਸੁੰਦਰ ਮਲੋਟ ਪ੍ਰੋਗਰਾਮ ਦਾ ਹੋਇਆ ਆਗਾਜ਼

ਮਲੋਟ (ਗੁਰਮੀਤ ਸਿੰਘ ਮੱਕੜ)

ਸਵੱਛ ਭਾਰਤ ਮਿਸ਼ਨ ਤਹਿਤ ਐਡਵਰਡਗੰਜ ਵਿਖੇ ਸਵੱਛ ਤੇ ਸੁੰਦਰ ਮਲੋਟ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ, ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਵੱਛਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਰਿਹਾ ਹੈ, ਜਿਸ ਤਹਿਤ ਮਲੋਟ ਸ਼ਹਿਰ ਦੇ ਸੁੰਦਰੀਕਰਨ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਸਾਰੇ ਵਿਭਾਗਾਂ ਜਿਨ੍ਹਾਂ ਦਾ ਸਵੱਛਤਾ ਨਾਲ ਸਬੰਧ ਹੈ। ਉਨ੍ਹਾਂ ਨੂੰ ਆਪਣੇ ਉਪਲਬਧ ਸਾਧਨਾਂ ਦਾ ਉਚਿਤ ਪ੍ਰਯੋਗ ਕਰਕੇ ਆਪਣੇ ਆਲੇ-ਦੁਆਲੇ ਨੂੰ ਸੁੰਦਰ ਅਤੇ ਖੂਬਸੂਰਤ ਬਣਾਉਣਾ ਚਾਹੀਦਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮਲੋਟ ਸ਼ਹਿਰ ਦੇ ਸੁੰਦਰੀਕਰਨ ਲਈ ਡਾ. ਸੰਜੀਵ ਕੁਮਾਰ ਐਸ.ਡੀ.ਐਮ ਮਲੋਟ ਦੀ ਅਗਵਾਈ ਹੇਠ ਟੀਮ ਦਾ ਗਠਨ ਕੀਤਾ ਗਿਆ ਹੈ। ਇਹ ਟੀਮ ਸ਼ਹਿਰ ਦੀ ਸਾਫ਼ ਸਫ਼ਾਈ ਅਤੇ ਸੁੰਦਰੀਕਰਨ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਚੱਲ ਰਹੀ ਸੀਵਰੇਜ ਦੀ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤੇ ਜਲਦ ਹੀ ਸ਼ਹਿਰ ਵਾਸੀਆਂ ਨੂੰ ਇਸ ਸਮੱਸਿਆ ਤੋਂ ਮੁਕਤ ਕੀਤਾ ਜਾਵੇਗਾ।

ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਸ਼ਹਿਰ ਦੀਆਂ ਸੜਕਾਂ, ਪੁਲ਼ ਦੇ ਹੇਠਾਂ ਅਤੇ ਬਾਜ਼ਾਰ ਵਿਚ ਲੋਕਾਂ ਵਲੋਂ ਕੀਤੇ ਕਬਜ਼ੇ ਵੀ ਜਲਦ ਹਟਾਉਣ ਦੀ ਗੱਲ ਆਖੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਆਲਾ-ਦੁਆਲਾ ਸਾਫ਼ ਸੁਥਰਾ ਰੱਖਣ ਅਤੇ ਸ਼ਹਿਰ ਦੇ ਸੁੰਦੀਕਰਨ ਲਈ ਬਣਾਈ ਗਈ ਟੀਮ ਦਾ ਪੂਰਾ ਸਾਥ ਦੇਣ ਤਾਂ ਜੁ ਸ਼ਹਿਰ ਨੂੰ ਸਵੱਛ ਤੇ ਸਾਫ਼ ਸੁਥਰਾ ਬਣਾਇਆ ਜਾ ਸਕੇ ਅਤੇ ਆਪਣੇ ਆਪ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੁੰਦਰੀਕਰਨ ਦੀ ਮੁਹਿਮ ਵਿਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਨਗਰ ਕੌਂਸਲ ਵੱਲੋਂ ਸਨਮਾਨਿਤ ਕੀਤਾ ਜਾਵੇਗਾ ਅਤੇ 15 ਅਗਸਤ ਤੇ 26 ਜਨਵਰੀ ਸਮਾਗਮ ਮੌਕੇ ਪ੍ਰਸੰਸਾ ਪੱਤਰ ਦੇ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਨਗਰ ਕੌਂਸਲ ਦੇ ਸਫ਼ਾਈ ਕੁਮਚਾਰੀਆਂ ਨੂੰ ਤੋਹਫੇ ਤੇ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ ਮਲੋਟ ਡਾ. ਸੰਜੀਵ ਕੁਮਾਰ ਨੇ ਸਹਿਰ ਦੇ ਸੁੰਦਰੀਕਰਨ ਵਿਚ ਯੋਗਦਾਨ ਪਾਉਣ ਵਾਲੇ ਸਮਾਜ ਸੇਵੀ ਸੰਸਥਾਵਾਂ ਦਾ ਧੰਨਵਾਦ ਕੀਤਾ।

ਫੋਰਸਾਂ 'ਚ ਭਰਤੀ ਹੋਣ ਵਾਲੇ ਯੁਵਕਾਂ ਨੂੰ ਕਰਾਈ ਜਾਵੇਗੀ ਫ਼ਿਜ਼ੀਕਲ ਤੇ ਲਿਖਤੀ ਪੇਪਰ ਦੀ ਟ੍ਰੇਨਿੰਗ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਭਾਰਤ ਸਰਕਾਰ ਵੱਲੋਂ ਵੱਖ-ਵੱਖ ਸੈਨਿਕ ਬਲਾਂ (ਫੋਰਸਾਂ) ਵਿੱਚ 67,364 ਲੜਕਿਆਂ ਦੀ ਭਰਤੀ ਕੀਤੀ ਜਾਣੀ ਹੈ, ਜਿਸ ਲਈ ਭਾਰਤ ਸਰਕਾਰ ਵੱਲੋਂ ਬੀ.ਐਸ.ਐਫ ਵਿੱਚ ਭਰਤੀ ਲਈ 24,806 ਸੀ.ਆਈ.ਐਸ.ਐਫ. ਦੀਆਂ 7877, ਸੀ.ਆਰੀ.ਪੀ.ਐਫ. ਦੀਆਂ 22,196, ਐਸ.ਐਸ.ਬੀ.ਦੀਆਂ 4839, ਆਈ.ਟੀ.ਬੀ.ਪੀ. ਦੀਆਂ 2564, ਏ.ਆਰ ਦੀਆਂ 4624, ਐਸ.ਐਸ.ਐਫ. ਦੀਆਂ 458 ਤੇ ਐਨ.ਆਈ.ਏ ਦੀਆਂ 225 ਪੋਸਟਾਂ ਕੱਢੀਆਂ ਗਈਆਂ ਹਨ।ਫ਼ਿਰੋਜ਼ਪੁਰ ਦੇ ਸੀ-ਪਾਈਟ ਕੈਂਪ ਹਕੂਮਤ ਸਿੰਘ ਦੇ ਟ੍ਰੇਨਿੰਗ ਅਫ਼ਸਰ (ਰਿਟਾਇਰਡ) ਕੈਪਟਨ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਫ਼ਾਜ਼ਿਲਕਾ ਜ਼ਿਲ੍ਹੇ ਦੇ ਚਾਹਵਾਨ ਯੁਵਕ 28 ਦਸੰਬਰ ਤੱਕ ਆਨਲਾਈਨ ਵੈਬਸਾਈਟ ' ਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਤੋਂ ਇਲਾਵਾ ਇਨ੍ਹਾਂ ਪੋਸਟਾਂ ਲਈ ਫ਼ਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਅਤੇ ਮੋਗਾ ਜਿਲ੍ਹੇ ਦੇ ਯੁਵਕ ਵੀ ਇਸ ਵੈਬਸਾਈਟ 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਾ ਸਕਦੇ ਹਨ। ਇਨ੍ਹਾਂ ਪੋਸਟਾਂ ਲਈ ਫਿਜੀਕਲ ਟੈਸਟ ਤੋਂ ਪਹਿਲਾਂ ਲਿਖਤੀ ਪੇਪਰ ਕੰਪਿਊਟਰ ਬੇਸਡ ਫਰਵਰੀ ਵਿੱਚ ਹੋਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੋਸਟਾਂ ਵਿੱਚ ਅਪਲਾਈ ਕਰਨ ਵਾਲਾ ਯੁਵਕ ਦਸਵੀਂ, ਬਾਰਵੀਂ ਜਾਂ ਡਿਗਰੀ ਪਾਸ ਹੋਵੇ।ਜਨਰਲ ਕੈਟਾਗਿਰੀ ਲਈ ਉਸਦੀ ਉਮਰ 18 ਤੋਂ 23 ਸਾਲ, ਓ.ਬੀ.ਸੀ. ਕੈਟਾਗਿਰੀ ਲਈ 18 ਤੋਂ 26 ਸਾਲ, ਐਸ.ਸੀ.ਐਸ.ਟੀ. ਲਈ 18 ਤੋਂ 28 ਸਾਲ ਹੋਵੇ। ਕੱਦ ਜਨਰਲ, ਓ.ਬੀ.ਸੀ,ਐਸ.ਸੀ ਲਈ 170 ਸੈਂਟੀਮੀਟਰ, ਐਸ.ਟੀ. ਲਈ 162.5 ਸੈਂਟੀਮੀਟਰ ਹੋਣਾ ਚਾਹੀਦਾ ਹੈ ਅਤੇ ਸਾਰੇ ਵਰਗਾਂ ਲਈ ਦੌੜ 5 ਕਿਲੋਮੀਟਰ 24 ਮਿੰਟਾਂ ਵਿੱਚ ਕੱਢਣੀ ਜ਼ਰੂਰੀ ਹੋਵੇਗੀ।ਜਨ. ਇੰਟੈਲੀਜੈਂਸੀ ਰੀਜਨਿੰਗ ਦਾ 40, ਜਨ, ਨਾਲੇਜ ਤੇ ਜਨ ਅਵੇਰਨੈੱਸ ਦਾ 40, ਐਲਮੌਟਰੀ ਮੈਥੇਮੈਟਿਕਸ ਦਾ 40 ਅਤੇ ਇੰਗਲਿਸ਼ ਦਾ 40 ਨੰਬਰ ਦਾ ਲਿਖਤੀ ਪੇਪਰ ਹੋਵੇਗਾ। ਕੁੱਲ 80 ਪ੍ਰਸ਼ਨ ਤੇ ਹਰ ਪ੍ਰਸ਼ਨ ਦੇ 2 ਨੰਬਰ ਹੋਣਗੇ ਤੇ ਕੱਲ ਨੰਬਰ 160 ਹੋਣਗੇ।ਉਨ੍ਹਾਂ ਕਿਹਾ ਕਿ ਜੋ ਵੀ ਚਾਹਵਾਨ ਯੁਵਕ ਇਨ੍ਹਾਂ ਫੋਰਸਾਂ ਵਿੱਚ ਭਰਤੀ ਹੋਣ ਲਈ ਲਿਖਤੀ ਅਤੇ ਫਿਜ਼ੀਕਲ ਟ੍ਰੇਨਿੰਗ ਲੈਣਾ ਚਾਹੁੰਦੇ ਹਨ, ਉਹ ਹਫਤੇ ਦੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9.30 ਵਜੇ ਤੋਂ 11.30 ਵਜੇ ਤੱਕ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਂਅ ਦਰਜ ਕਰਾਉਣ ਲਈ ਰਿਪੋਰਟ ਕਰਨ।ਟ੍ਰੇਨਿੰਗ ਲੈਣ ਦੇ ਚਾਹਵਾਨ ਯੁਵਕ ਭਰਤੀ ਲਈ ਆਨਲਾਈਨ ਅਪਲਾਈ ਕੀਤੇ ਗਏ ਦਸਤਾਵੇਜ਼ ਦੀ ਫੋਟੋ ਸਟੇਟ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਸਰਟੀਫਿਕੇਟ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ, ਆਧਾਰ ਕਾਰਡ ਦੀ ਫੋਟੋ ਕਾਪੀ ਅਤੇ ਬੈਂਕ ਵਿੱਚ ਚੱਲਦੇ ਖਾਤੇ ਦੀ ਫੋਟੋ ਸਟੇਟ ਕਾਪੀ, ਇੱਕ ਪਾਸਪੋਰਟ ਸਾਈਜ਼ ਫੋਟੋ, ਇੱਕ ਕਾਪੀ, ਇੱਕ ਪੈਨ, ਖਾਣਾ ਖਾਣ ਲਈ ਬਰਤਨ ਅਤੇ ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।

ਐੱਨ ਐੱਸ ਐੱਸ ਕੈਂਪ ਦੌਰਾਨ ਕੱਢੀ ਗਈ ਨਸ਼ਾ ਵਿਰੋਧੀ ਰੈਲੀ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਦੇ ਐਨ.ਐਸ.ਐਸ ਯੂਨਿਟ ਵੱਲੋਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਤੇ ਪ੍ਰਿੰਸੀਪਲ ਗੀਤਾ ਅਰੋੜਾ ਦੀ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਮੋਹਿਤ ਭੰਡਾਰੀ ਦੀ ਨਿਗਰਾਨੀ ਹੇਠ ਸ਼ੁਰੂ 7 ਰੋਜ਼ਾ ਕੈਂਪ ਦੇ ਤੀਜੇ ਦਿਨ ਦਾ ਉਦਘਾਟਨ ਡੀ. ਐੱਸ. ਪੀ. ਰਾਮਪੁਰਾ ਫੂਲ ਮੋਹਿਤ ਅਗਰਵਾਲ ਨੇ ਰੀਬਨ ਕੱਟ ਕੇ ਕੀਤਾ। ਉਨ੍ਹਾਂ ਬੱਚਿਆਂ ਨੂੰ ਨਸ਼ਿਆ ਤੋਂ ਦੂਰ ਰਹਿਣ, ਸਾਇਬਰ ਕ੍ਰਾਇਮ, ਸਕਿਊਰਟੀ ਤੇ ਫੇਕ ਕਾਲ ਆਦਿ ਤੋਂ ਸੁਚੇਤ ਰਹਿਣ ਤੇ ਸੋਸ਼ਲ ਮੀਡੀਆ ਦੀ ਵਰਤੋਂ ਘੱਟ ਤੋਂ ਘੱਟ ਕਰਨ ਦਾ ਸੰਦੇਸ਼ ਦਿੰਦਿਆਂ ਬੱਚਿਆਂ ਨੂੰ ਸਮਾਜ ਵਿੱਚ ਫੈਲੀ ਨਸ਼ਿਆਂ ਦੀ ਕੁਰੀਤੀ ਨੂੰ ਦੂਰ ਕਰਨ ਅਤੇ ਪੜ੍ਹਾਈ ਮਨ ਲਾ ਕੇ ਕਰਨ ਲਈ ਪ੍ਰੇਰਿਤ ਕੀਤਾ। ਮੋਹਿਤ ਅਗਰਵਾਲ ਨੇ ਨਸ਼ਾ ਵਿਰੋਧੀ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਖੁਦ ਸਾਰੇ ਨਗਰ ਮਹਿਰਾਜ ਵਿੱਚ ਰੈਲੀ ਦੀ ਅਗਵਾਈ ਕੀਤੀ। ਬੱਚਿਆਂ ਨੇ ਹੱਥਾਂ ਵਿੱਚ ਨਸ਼ਾ ਵਿਰੋਧੀ ਤਖਤੀਆਂ ਫੜੀਆਂ ਹੋਈਆਂ ਸਨ ਅਤੇ ਨਸ਼ਾ ਵਿਰੋਧੀ ਜੋਸ਼ੀਲੇ ਨਾਅਰੇ ਲਾਏ ਜਾ ਰਹੇ ਸਨ। ਪ੍ਰਿੰਸੀਪਲ ਗੀਤਾ ਅਰੋੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਬੱਚਿਆਂ ਨੂੰ ਡੀ.ਐਸ.ਪੀ ਦੀਆਂ ਗੱਲਾਂ ਉਪਰ ਅਮਲ ਕਰਨ ਲਈ ਕਿਹਾ। ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ ਬੱਚਿਆਂ ਨੂੰ ਨਸ਼ਾ ਰੂਪੀ ਦੈਂਤ ਤੋਂ ਬਚਣ ਅਤੇ ਘਰ, ਸਮਾਜ ਵਿੱਚ ਹੋਰ ਲੋਕਾਂ ਨੂੰ ਵੀ ਇਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਸੁਖਵੀਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਕੈਂਪ ਦੇ ਪ੍ਰਬੰਧਕਾਂ ਵੱਲੋਂ ਡੀ.ਐਸ.ਪੀ. ਅਗਰਵਾਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਐਸ.ਐਚ.ਓ ਜੋਗਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਕੂਲ ਦੇ ਸਮੁੱਚੇ ਸਟਾਫ ਤੇ ਵਿਦਿਆਰਥੀਆਂ ਨੇ ਰੈਲੀ ਵਿਚ ਵਧ ਚੜ੍ਹ ਕੇ ਭਾਗ ਲਿਆ। ਇਹ ਰੈਲੀ ਸਾਰੇ ਪਿੰਡ ਵਿੱਚ ਦੀ ਹੋ ਕੇ ਸਕੂਲ ਆ ਕੇ ਸਮਾਪਤ ਹੋਈ। ਪਿੰਡ ਦੇ ਲੋਕਾਂ ਨੇ ਰੈਲੀ ਦੀਆਂ ਵੀਡੀਓ ਬਣਾਈਆਂ। ਡੀ.ਐਸ.ਪੀ ਵੱਲੋਂ ਰੈਲੀ ਦੌਰਾਨ ਕੀਤੀ ਅਗਵਾਈ ਨੇ ਪਿੰਡ ਵਾਸੀਆਂ ਨੂੰ ਬਹੁਤ ਹੀ ਪ੍ਰਭਾਵਤ ਕੀਤਾ।

ਵਿਧਵਾ ਨਾਲ ਸਾਢੇ ਤਿੰਨ ਕਰੋੜ ਰੁਪਏ ਦੀ ਠੱਗੀ, ਇੱਕ ਗ੍ਰਿਫ਼ਤਾਰ

15-Dec-PAGE-8.qxd 12/14/2023 10:47 PM Page 1

ਡਾਕ-ਤਾਰ ਵਿਭਾਗ ਦੇ ਕਰਮਚਾਰੀਆਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ

ਫਿਲੌਰ (ਨਿਰਮਲ)

ਭਾਰਤ ਸਰਕਾਰ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਮਨਾਉਣ ਵਾਸਤੇ ਭਾਰਤ ਦੇ ਜੀ.ਡੀ.ਐਸ ਮੈਂਬਰਾਂ ਨੇ ਰਲ ਕੇ ਪੂਰੇ ਭਾਰਤ ਵਿੱਚ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਹੈ ਅਤੇ ਸਰਕਾਰ ਅੱਗੇ ਅਪਣੀਆਂ ਹੱਕੀ ਮੰਗਾਂ ਪੇਸ਼ ਕੀਤੀਆਂ ਹਨ। ਹੜਤਾਲ ਤੀਸਰੇ ਦਿਨ ਵਿੱਚ ਪਹੁੰਚ ਗਈ ਹੈ। ਹੱਕੀ ਮੰਗਾਂ ਮਨਾਉਣ ਤੱਕ ਹੜਤਾਲ ਜਾਰੀ ਰਹੇਗੀ, ਜਿਵੇਂ ਕਿ ਮੰਗ 8 ਘੰਟੇ ਡਿਊਟੀ ਦੇ ਨਾਲ ਜੀ.ਡੀ.ਐਸ ਕਰਮਚਾਰੀਆਂ ਨੂੰ ਸਿਵਲ ਸੇਵਕ ਦਾ ਦਰਜਾ ਦਿੱਤਾ ਜਾਵੇ, ਕਮਲੇਸ਼ ਚੰਦਰਾਂ ਕਮੇਟੀ ਦੀ ਰਿਪੋਰਟ ਦੀ ਸਿਫਾਰਸ਼ ਦੇ ਅਨੁਸਾਰ 12, 24 ਅਤੇ 36 ਸਾਲ ਦੀ ਸੇਵਾ ਨੂੰ ਸੰਪੂਰਨ ਕਰਨ ਤੇ ਬਣਦਾ ਐਗਰੀਮੈਂਟ, ਤਿੰਨੇ ਵਿੱਤੀ ਸਹੂਲਤਾਂ ਦਿੱਤੀਆਂ ਜਾਣ, ਗਰੇਚਟੀ ਦੀ ਅਧਿਕਤਮ ਰਕਮ 1.50 ਲੱਖ ਰੁਪਏ ਨੂੰ ਵਧਾਕੇ 5 ਲੱਖ ਰੁਪਏ ਦੀ ਬੜੋਤਰੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਹਰ ਸਾਲ ਇੱਕ ਮਹੀਨੇ ਦੀਆਂ ਛੁੱਟੀਆਂ ਅਤੇ ਨਾ ਵਰਤੀ ਛੁੱਟੀ ਨੂੰ 180 ਦਿਨ ਕੀਤਾ ਜਾਵੇ, ਮੈਡੀਕਲ ਸਹੂਲਤਾਂ ਪੱਕੇ ਕਰਮਚਾਰੀਆਂ ਦੀ ਤਰ੍ਹਾਂ ਅਤੇ ਉਹਨਾਂ ਦੇ ਪਰਵਾਰ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਬੱਚਿਆਂ ਦੀ ਪੜ੍ਹਾਈ ਦਾ ਖਰਚਾ ਪੱਕੇ ਮੁਲਜਮਾਂ ਦੀ ਤਰ੍ਹਾਂ ਦਿੱਤਾ ਜਾਵੇ, ਟਾਰਗੇਟ ਦੇ ਨਾਂਅ 'ਤੇ ਕਰਮਚਾਰੀਆਂ ਦੇ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਇਸ ਮੌਕੇ 'ਤੇ ਮੱਖਣ ਸਿੰਘ ਸੂਰਜਾ ਪ੍ਰਧਾਨ, ਬਲਦੇਵ ਰਾਜ, ਮਸਤਾਨਾ ਸਿੰਘ, ਰਾਜ ਕੁਮਾਰ, ਆਤਮਾ ਸਿੰਘ, ਹੁਸਨ ਲਾਲ, ਨਸੀਬ ਲਾਲ, ਮਨਦੀਪ ਕੌਰ, ਮੋਨਿਕਾ, ਇੰਦਰਕਾਂਤਾ, ਸਾਹਿਲ, ਅਕਾਸ਼ਦੀਪ ਅਤੇ ਹੋਰ ਹਾਜਰ ਸਨ।

ਹੈਰੋਇਨ ਸਮੇਤ 2 ਕਾਬੂ

ਮੋਹਾਲੀ, (ਗੁਰਜੀਤ ਬਿੱਲਾ)

ਰੇਂਜ ਐਂਟੀ-ਨਾਰਕੋਟਿਕਸ ਕਮ ਸ਼ਪੈਸ਼ਲ ਓਪਰੇਸ਼ਨ ਸੈਲ ਕੈਂਪ ਐਟ ਫੇਸ-7 ਮੋਹਾਲੀ ਦੀ ਟੀਮ ਵਲੋਂ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ 02 ਦੋਸ਼ੀਆ ਨੂੰ 50 ਗ੍ਰਾਮ ਹੈਰੋਇਨ ਸਮੇਤ ਕਾਰ ਨੰਬਰੀ-13—1109 ਮਾਰਕਾ ਇੰਨੋਵਾ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਰੇਜ ਐਂਟੀ-ਨਾਰਕੋਟਿਕਸ ਕਮ ਸ਼ਪੈਸ਼ਲ ਓਪਰੇਸ਼ਨ ਸੈਲ ਕੈਂਪ ਐਟ ਮੋਹਾਲੀ ਦੀ ਟੀਮ ਐਸ.ਆਈ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੂੰ ਦੌਰਾਨ ਚੈਕਿੰਗ ਇੱਕ ਕਾਰ ਨੰਬਰੀ -13—1109 ਮਾਰਕਾ ਇੰਨੋਵਾ ਰੰਗ ਗੋਲਡ ਮੈਟ ਸ਼ਮਸ਼ਾਨ ਘਾਟ ਬਲੌਂਗੀ ਸਾਈਡ (ਮੋਹਾਲੀ) ਵਲੋਂ ਆਉਂਦੀ ਦਿਖਾਈ ਦਿੱਤੀ। ਜਿਸ ਨੂੰ ਟਾਰਚ ਦੀ ਲਾਈਟ ਦੇ ਕੇ ਰੁੱਕਣ ਦਾ ਇਸ਼ਾਰਾ ਕੀਤਾ। ਜਿਸ ਨੇ ਅੱਗੇ ਖੜੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਕਾਰ ਨੰਬਰੀ ਉਕਤ ਨੂੰ ਇੱਕ ਦਮ ਪਿੱਛੇ ਨੂੰ ਮੋੜਨ ਦੀ ਕੋਸ਼ਿਸ਼ ਕੀਤੀ। ਕਾਰ ਉਕਤ ਨੂੰ ਕਾਬੂ ਕਰਕੇ ਕਾਰ ਚਾਲਕ ਦਾ ਨਾਮ ਪਤਾ ਪੁੱਛਿਆ ਤਾਂ ਕਾਰ ਚਾਲਕ ਨੇ ਆਪਣਾ ਨਾਮ ਪਰਮਜੀਤ ਸਿੰਘ ਉਰਫ ਗੁਰੀ ਪੁੱਤਰ ਅਵਤਾਰ ਸਿੰਘ ਵਾਸੀ ਜਵਾਹਰ ਸਿੰਘ ਵਾਲਾ, ਤਹਿ: ਵਾ ਥਾਣਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਸਿਆ। ਜਿਨ੍ਹਾਂ ਦੀ ਕਾਰ ਦੀ ਤਲਾਸ਼ੀ ਲੈਣ 'ਤੇ ਕਾਰ ਦੀਆਂ ਅਗਲੀਆਂ ਦੋਨੋ ਸੀਟਾਂ ਵਿਚਕਾਰ ਗੇਅਰ ਬਾਕਸ ਕੋਲ ਇੱਕ ਵਜਨਦਾਰ ਪਾਰਦਰਸ਼ੀ ਮੋਮੀ ਲਿਫਾਫਾ ਰੰਗ ਚਿੱਟਾ ਬ੍ਰਾਮਦ ਹੋਇਆ। ਜਿਸਨੂੰ ਚੈਕ ਕਰਨ ਤੇ ਉਸ ਵਿਚੋ ਹੈਰੋਇਨ 50 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਜੋ ਹੈਰੋਇਨ ਅਤੇ ਕਾਰ ਇਨੋਵਾ ਉਕਤ ਨੂੰ ਪੁਲਿਸ ਵੱਲੋਂ ਕਬਜੇ ਵਿਚ ਲੈ ਕੇ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਨ੍ਹਾਂ ਖਿਲਾਫ ਮੁਕੱਦਮਾ ਨੰਬਰ 223 ਮਿਤੀ 13-12-2023 ਅ/ਧ 21,29/61/85 ਐਨ. ਡੀ ਪੀ ਐਸ.ਐਕਟ ਥਾਣਾ ਬਲੌਂਗੀ ਜ਼ਿਲ੍ਹਾ ਮੋਹਾਲੀ ਦਰਜ ਰਜਿਸਟਰ ਕਰਾਇਆ ਗਿਆ ਹੈ। ਦੋਸ਼ੀ ਗੁਰਸੇਵਕ ਸਿੰਘ ਉਰਫ ਨਿੱਕਾ ਉਕਤ ਖਿਲਾਫ ਪਹਿਲਾ ਵੀ ਥਾਣਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਪਰਚੇ ਦਰਜ ਹਨ। ਦੋਸ਼ੀਆਨ ਨੂੰ ਅਦਾਲਤ ਵਿਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜੋ ਪੁਲਸ ਰਿਮਾਂਡ ਅਧੀਨ ਹਨ। ਦੋਸ਼ੀਆਂ ਪਾਸੋ ਪੁੱਛਗਿਛ ਕੀਤੀ ਜਾ ਰਹੀ ਹੈ ਕਿ ਇਸ ਨਸ਼ਾ ਤਸਕਰੀ ਵਿਚ ਇਨ੍ਹਾਂ ਨਾਲ ਹੋਰ ਕੌਣ ਕੌਣ ਵਿਅਕਤੀ ਸ਼ਾਮਲ ਹਨ।

ਮੀਤ ਹੇਅਰ ਵੱਲੋਂ ਯੂਥ ਕਲੱਬਾਂ ਨੂੰ 1.50 ਕਰੋੜ ਰੁਪਏ ਦੀ ਰਾਸ਼ੀ 31 ਤੱਕ ਜਾਰੀ ਕਰਨ ਦੇ ਨਿਰਦੇਸ਼

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸੂਬੇ ਦੇ ਉਨ੍ਹਾਂ ਸਾਰੇ ਯੂਥ ਕਲੱਬਾਂ ਨੂੰ ਕੁੱਲ 1.50 ਕਰੋੜ ਰੁਪਏ ਦੀ ਰਾਸ਼ੀ 31 ਦਸੰਬਰ ਤੱਕ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ ਜਿਹੜੇ ਸਮਾਜ ਭਲਾਈ ਦੇ ਕੰਮਾਂ ਅਤੇ ਜਾਗਰੂਕ ਗਤੀਵਿਧੀਆਂ ਚਲਾਉਣ ਵਿਚ ਸਾਰਥਕ ਕੰਮ ਕਰ ਰਹੇ ਹਨ। ਆਪਣੇ ਦਫਤਰ ਵਿਚ ਯੁਵਕ ਸੇਵਾਵਾਂ ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਮੀਤ ਹੇਅਰ ਨੇ ਕਿਹਾ ਕਿ ਜਿਹੜੇ ਯੂਥ ਕਲੱਬ ਜ਼ਮੀਨੀ ਪੱਧਰ 'ਤੇ ਵਧੀਆ ਕੰਮ ਕਰ ਰਹੇ ਹਨ ਉਨ੍ਹਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਮੋਹਰੀ ਹੋ ਕੇ ਵਿੱਤੀ ਮਦਦ ਕਰ ਰਹੀ ਹੈ। ਉਨ੍ਹਾਂ ਸਮੂਹ ਜ਼ਿਲ੍ਹਾ ਅਧਿਕਾਰੀਆ ਨੂੰ ਨਿਰਦੇਸ਼ ਦਿੱਤੇ ਕਿ 31 ਦਸੰਬਰ, 2023 ਤੱਕ ਯੂਥ ਕਲੱਬਾਂ ਨੂੰ ਵਿੱਤੀ ਰਾਸ਼ੀ ਜਾਰੀ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਐਨ ਐਸ ਐਸ ਸਕੀਮ ਅਧੀਨ ਜ਼ਿਲ੍ਹਾ ਪੱਧਰ 'ਤੇ ਚੱਲ ਰਹੀਆਂ ਇਕਾਈਆਂ ਵਿੱਚ ਵੱਧ ਤੋਂ ਵੱਧ ਸਪੈਸ਼ਲ ਕੈਂਪਾਂ ਦੇ ਟੀਚੇ ਪੂਰੇ ਕੀਤੇ ਜਾਣ। ਇਸ ਮੌਕੇ ਯੁਵਕ ਸੇਵਾਵਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਹੋਰ ਸਕੀਮਾਂ ਸਬੰਧੀ ਉਠਾਏ ਗਏ ਮੁੱਦੇ ਵੀ ਮੀਟਿੰਗ ਵਿੱਚ ਵਿਚਾਰੇ ਗਏ। ਮੀਤ ਹੇਅਰ ਨੇ ਵਿਭਾਗ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਸਾਰੀ ਜਾਣਕਾਰੀ ਵੈਬਸਾਈਟ 'ਤੇ ਅੱਪਲੋਡ

ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਯੂਥ ਕਲੱਬਾਂ ਨੂੰ ਐਫਲੀਏਟ ਕਰਨ ਸੰਬੰਧੀ ਸਾਰੀ ਪ੍ਰਕਿਰਿਆ ਵੈੱਬਸਾਈਟ 'ਤੇ ਹੀ ਹੋਵੇ। ਮੀਟਿੰਗ ਵਿੱਚ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਨੇ ਚੰਗੇ ਕੰਮਾਂ ਤੇ ਗਤੀਵਿਧੀਆਂ ਲਈ ਵਿਭਾਗ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਵਿਭਾਗੀ ਸਕੀਮਾਂ ਨੂੰ ਚਲਾਉਣ ਵਿਚ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਦਾ ਭਰੋਸਾ ਦਿੱਤਾ।

ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਮੌਤ

ਕਾਠਗੜ੍ਹ, (ਭਾਟੀਆ)

ਬੀਤੀ ਰਾਤ ਚੰਡੀਗੜ੍ਹ ਨਵਾਂਸ਼ਹਿਰ ਰਾਜ ਮਾਰਗ 'ਤੇ ਗਿੱਲ ਢਾਬੇ ਦੇ ਨਜਦੀਕ ਇੱਕ ਮੰਦਬੁੱਧੀ ਅਣਪਛਾਤੇ ਵਿਅਕਤੀ ਦੀ ਕਿਸੇ ਵਾਹਨ ਦੇ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ ਹੈ। ਪਿੰਡ ਜੱਬਾ ਦੇ ਇੱਕ ਨੌਜਵਾਨ ਨੇ ਦੱਸਿਆ ਕਿ ਉਹ ਸਵੇਰੇ 6 ਵਜੇ ਦੇ ਕਰੀਬ ਜਦੋਂ ਆਪਣੀ ਸਾਈਕਲ 'ਤੇ ਸੈਰ ਕਰਨ ਜਾ ਰਿਹਾ ਸੀ ਤਾਂ ਗਿੱਲ ਢਾਬੇ ਤੋਂ ਥੋੜਾ ਅੱਗੇ ਕਿਸੇ ਵਿਅਕਤੀ ਦੇ ਸਰੀਰ ਦੇ ਦੋ ਹਿੱਸੇ ਦੇਖਣ ਨੂੰ ਮਿਲੇ ਅਤੇ ਜਦੋਂ ਨੇੜੇ ਹੋ ਕੇ ਦੇਖਿਆ ਤਾਂ ਉਸ ਦੇ ਸਰੀਰ ਦੇ ਦੂਜੇ ਅੰਗ ਵੀ ਇਧਰ ਉਧਰ ਖਿਲਰੇ ਹੋਏ ਸਨ ਤੇ ਉਸ ਦਾ ਸਰੀਰ ਬੁਰੀ ਤਰ੍ਹਾਂ ਕੁਚਲਿਆ ਹੋਇਆ ਸੀ। ਇਸ ਦੀ ਸੂਚਨਾ ਉਸ ਨੇ ਤੁਰੰਤ ਪਹਿਲਾਂ 100 ਨੰਬਰ ਅਤੇ ਫਿਰ 108 ਐਂਬੂਲੈਂਸ ਨੂੰ ਦਿੱਤੀ ਪਰੰਤੂ ਕਾਫੀ ਸਮਾਂ ਉੱਥੇ ਕੋਈ ਵੀ ਨਹੀਂ ਪਹੁੰਚਿਆ। ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਅਣਪਛਾਤਾ ਵਿਅਕਤੀ ਪਿਛਲੇ 4-5 ਦਿਨਾਂ ਤੋਂ ਉੱਥੇ ਮਾਰਗ 'ਤੇ ਹੀ ਘੁੰਮਦਾ ਨਜਰ ਆ ਰਿਹਾ ਸੀ ਪ੍ਰੰਤੂ ਬੀਤੀ ਰਾਤ ਜਦੋਂ ਉਹ ਮਾਰਗ 'ਤੇ ਜਾ ਰਿਹਾ ਹੋਵੇਗਾ ਤਾਂ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਕੇ ਉਸਦੀ ਮੌਤ ਹੋ ਗਈ। ਪਰ ਦੁੱਖ ਦੀ ਗੱਲ ਹੈ ਕਿ ਇਸ ਮ੍ਰਿਤਕ ਵਿਅਕਤੀ ਨੂੰ ਕਿਸੇ ਨੇ ਵੀ ਮਾਰਗ ਤੋਂ ਚੁੱਕਣ ਦਾ ਹੌਂਸਲਾ ਨਹੀਂ ਕੀਤਾ ਅਤੇ ਰਾਤ ਦੇ ਹਨੇਰੇ ਵਿੱਚ ਛੋਟੇ ਵੱਡੇ ਵਾਹਨ ਉਸ ਦੇ ਸਰੀਰ ਉੱਤੋਂ ਲੰਘਦੇ ਰਹੇ ਜਿਸ ਕਰਕੇ ਉਹ ਬੁਰੀ ਤਰ੍ਹਾਂ ਕੁਚਲਿਆ ਗਿਆ ਅਤੇ ਉਸ ਦੇ ਸਰੀਰ ਦੇ ਅੰਗ ਦੂਰ ਤੱਕ ਖਿਲਰ ਗਏ, ਹਾਲਾਤ ਇਸ ਤਰ੍ਹਾਂ ਦੇ ਹੋ ਗਏ ਕਿ ਉਸ ਦੀ ਸ਼ਕਲ ਤੱਕ ਵੀ ਪਛਾਣੀ ਨਹੀਂ ਜਾ ਰਹੀ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਐਸ.ਐਚ.ਓ ਕਾਠਗੜ੍ਹ ਇੰਸਪੈਕਟਰ ਪੰਕਜ ਸ਼ਰਮਾ ਮੌਕੇ 'ਤੇ ਪੁੱਜੇ ਤੇ ਕਾਰਵਾਈ ਕਰਦੇ ਹੋਏ ਮ੍ਰਿਤਕ ਵਿਅਕਤੀ ਦੇ ਸਰੀਰ ਨੂੰ ਇਕੱਠਾ ਕਰਵਾਕੇ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਬਲਾਚੌਰ ਵਿਖੇ ਪਹੁੰਚਾਇਆ। ਉਹਨਾਂ ਦੱਸਿਆ ਕਿ ਲਾਸ ਨੂੰ 72 ਘੰਟੇ ਲਈ ਪਛਾਣ ਵਾਸਤੇ ਮੋਰਚਰੀ ਵਿੱਚ ਰਖਵਾ ਦਿੱਤਾ ਹੈ ਅਤੇ 304ਏ ਤਹਿਤ ਕਾਰਵਾਈ ਕਰਦੇ ਹੋਏ ਅਣਪਛਾਤੇ ਵਾਹਨ 'ਤੇ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਕਤ ਵਾਪਰੀ ਘਟਨਾ 'ਤੇ ਇਕੱਤਰ ਹੋਏ ਲੋਕਾਂ ਨੇ ਟੋਲ ਪਲਾਜਾ ਦੀ ਹਾਈਵੇ ਪੈਟਰੋਲਿੰਗ ਪਾਰਟੀ ਖਿਲਾਫ ਨਰਾਜਗੀ ਪ੍ਰਗਟ ਕਰਦੇ ਹੋਏ ਕਿਹਾ ਕਿ ਜਦੋਂ ਉਨਾਂ ਦੀ ਡਿਊਟੀ ਮਾਰਗ 'ਤੇ ਗਸ਼ਤ ਦੀ ਹੈ ਤਾਂ ਫਿਰ ਬੀਤੀ ਰਾਤ ਪੈਟਰੋਲਿੰਗ ਪਾਰਟੀ ਨੇ ਆਪਣੀ ਡਿਊਟੀ ਕਿਉਂ ਨਹੀਂ ਨਿਭਾਈ ਤੇ ਪਤਾ ਨਹੀਂ ਕਿੱਥੇ ਸੁੱਤੀ ਰਹੀ। ਲੋਕਾਂ ਨੇ ਮੰਗ ਕੀਤੀ ਕਿ ਹਾਈਵੇ ਪੈਟਰੋਲਿੰਗ ਪਾਰਟੀ ਨੂੰ ਆਪਣੀ ਡਿਊਟੀ ਰਾਤ ਸਮੇਂ ਸਹੀ ਤਰੀਕੇ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।

ਆਦੇਸ਼ ਇੰਟਰਨੈਸ਼ਨਲ ਸਕੂਲ ਲਖਿੰਦਰ ਮਿਆਣੀ ਦੀ ਭੰਗੜਾ ਟੀਮ ਨੇ ਜਿੱਤਿਆ ਫੈਪ ਨੈਸ਼ਨਲ ਐਵਾਰਡ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਚੰਡੀਗੜ੍ਹ ਵਿੱਚ ਕਰਵਾਇਆ ਗਿਆ ਨੈਸ਼ਨਲ ਅਵਾਰਡ 2023 ਦੌਰਾਨ ਫੈਪ ਕਲਚਰ ਐਕਟੀਵਿਟੀ ਲਈ ਚੁਣੀ

ਗਈ ਆਦੇਸ਼ ਇੰਟਰਨੈਸ਼ਨਲ ਸਕੂਲ ਲਖਿੰਦਰ ਮਿਆਣੀ ਦੀ ਭੰਗੜਾ ਟੀਮ ਨੇ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਫੈਪ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਵੱਲੋਂ ਜੇਤੂ ਟੀਮ ਨੂੰ ਨੈਸ਼ਨਲ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਵਿਨੋਦ ਕੁਮਾਰ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਮੈਡਮ ਲਵਨੀਤ ਕੌਰ ਨੇ ਦੱਸਿਆ ਕਿ ਇਸ ਅਵਾਰਡ ਲਈ ਪ੍ਰੋਗਰਾਮ ਵਿਚ ਪੰਜਾਬ ਤੋਂ ਲਗਭਗ 27 ਅਤੇ ਹੋਰ ਰਾਜਾਂ ਤੋਂ ਵੀ ਸਕੂਲ ਚੁਣੇ ਗਏ ਸਨ ਇਹਨਾਂ ਚੁਣੇ ਹੋਏ ਸਕੂਲਾਂ ਵਿੱਚੋਂ ਆਦੇਸ਼ ਇੰਟਰਨੈਸ਼ਨਲ ਸਕੂਲ ਦੀ ਭੰਗੜਾ ਟੀਮ ਵੀ ਸ਼ਾਮਿਲ ਸੀ ਜੋ ਕਿ ਟਾਂਡਾ ਹਲਕਾ ਦੇ ਲਈ ਮਾਣ ਵਾਲੀ ਗੱਲ ਹੈ। ਇਸ ਤੋਂ ਇਲਾਵਾ ਪੰਜਵੀਂ ਜਮਾਤ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਮੈਗਾ ਉਲੰਪੀਅਕ ਕਾਮਬੈਟ ਵਿੱਚੋਂ ਸਟੇਟ ਲੈਵਲ ਦਾ ਬੈਸਟ ਸਟੂਡੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਨੇ ਜਿੱਥੇ ਖੇਡਾਂ ਵਿੱਚ ਆਪਣਾ ਨਾਂਅ ਰੋਸ਼ਨ ਕੀਤਾ ਹੈ ਉਥੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਵੀ ਅੱਵਲ ਰਿਹਾ ਹੈ। ਇਸ ਭੰਗੜਾ ਟੀਮ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਅਮਨਦੀਪ ਸਿੰਘ, ਅਜੇ ਚੌਹਾਨ, ਕਰਨਦੀਪ ਸਿੰਘ,ਅੰਮ੍ਰਿਤਪਾਲ ਸਿੰਘ ਅਤੇ ਗਿਆਰਵੀਂ ਜਮਾਤ ਦੇ ਵਿਦਿਆਰਥੀ ਗੁਰਦੀਪ ਸਿੰਘ, ਮਨਪ੍ਰੀਤ ਸਿੰਘ, ਰਾਜਵੀਰ ਸਿੰਘ, ਨਰਿੰਦਰ ਚੌਹਾਨ ਅਤੇ ਦਸਵੀਂ ਦੇ ਵਿਦਿਆਰਥੀ ਅਮਨਵੀਰ ਸਿੰਘ, ਪ੍ਰਭਜੋਤ ਸਿੰਘ ਅਤੇ ਅੱਠਵੀਂ ਦਾ ਵਿਦਿਆਰਥੀ ਲਵਕੁੱਸ਼ ਸਿੰਘ ਅਤੇ ਨੌਵੀਂ ਜਮਾਤ ਦਾ ਗਗਨਦੀਪ ਸਿੰਘ ਤੋਂ ਇਲਾਵਾ ਭੰਗੜੇ ਦਾ ਕੋਚ ਸਨਮਦੀਪ ਸਿੰਘ ਨੂੰ ਅਤੇ ਸਕੂਲ ਦੀ ਵਾਈਸ ਪ੍ਰਿੰਸੀਪਲ ਲਵਨੀਤ ਕੋਰ ਤੇ ਐਕਟੀਵਿਟੀ ਅਧਿਆਪਕ ਪ੍ਰਦੀਪ ਕੌਰ ਨੂੰ ਵੀ ਫੈਪ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਡਾ. ਲਖਮੀਰ ਸਿੰਘ ਚੌਧਰੀ ਵੱਲੋਂ ਭੰਗੜੇ ਦੀ ਜੇਤੂ ਟੀਮ,ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਇਸੇ ਤਰ੍ਹਾਂ ਭਵਿੱਖ ਵਿੱਚ ਵੀ ਸਕੂਲ ਦੇ ਵਿਦਿਆਰਥੀ ਅਜਿਹੇ ਮੁਕਾਬਲਿਆਂ ਲਈ ਤਿਆਰ ਰਹਿਣਗੇ।

ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਕੋਆਰਡੀਨੇਟਰ ਨਿਯੁਕਤ

ਅੱਡਾ ਸਰਾਂ, (ਕਾਜਲ)

ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਏ.ਆਈ.ਸੀ.ਸੀ.ਦੇ ਮੈਂਬਰ ਨੌਜਵਾਨ ਆਗੂ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਨੂੰ ਲੋਕ ਸਭਾ ਹਲਕਾ ਹੁਸ਼ਿਆਰਪੁਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਐਡਵੋਕੇਟ ਪਹਿਲਾਂ ਪੰਜਾਬ ਕਾਂਗਰਸ ਦੇ ਬੁਲਾਰੇ ਅਤੇ ਹੋਰ ਜਿੰਮੇਵਾਰੀਆਂ 'ਤੇ ਰਹਿ ਚੁੱਕੇ ਹਨ।ਉਨ੍ਹਾਂ ਦੀ ਨਿਯੁਕਤੀ ਦਾ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੀ ਸਮੁੱਚੀ ਕਾਂਗਰਸੀ ਲੀਡਰਸ਼ਿਪ ਨੇ ਸਵਾਗਤ ਕੀਤਾ ਹੈ। ਇਸ ਦੌਰਾਨ ਵਿਰੋਧੀ ਧਿਰ ਦੇ ਉੱਪ ਨੇਤਾ ਅਤੇ ਵਿਧਾਇਕ ਡਾ.ਰਾਜ ਕੁਮ

15-Dec-PAGE-9.qxd 12/14/2023 10:46 PM Page 1

ਜੰਗਲਾਤ ਕਾਮਿਆਂ ਦੀ ਭਲਾਈ ਸੂਬਾ ਸਰਕਾਰ ਦੀ ਤਰਜੀਹ : ਕਟਾਰੂਚੱਕ

ਚੰਡੀਗੜ੍ਹ, (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਮ ਆਦਮੀ ਦੇ ਹਿੱਤਾਂ ਨਾਲ ਕਦੇ ਵੀ ਦਗਾ ਨਹੀਂ ਕਮਾ ਸਕਦੀ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।ਇਹ ਜਾਣਕਾਰੀ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜੰਗਲਾਤ ਕੰਪਲੈਕਸ, ਸੈਕਟਰ-68 ਵਿਚ ਵਿਖੇ ਵਣ ਰੇਂਜਰ ਅਤੇ ਡਿਪਟੀ ਵਣ ਰੇਂਜਰ ਐਸੋਸੀਏਸ਼ਨ, ਜੰਗਲਾਤ ਵਰਕਰਜ਼ ਯੂਨੀਅਨ (ਪੰਜਾਬ), ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨਾਲ ਲੜੀਵਾਰ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਕਹੀ।ਵਣ ਰੇਂਜਰਾਂ ਦੇ ਮੁੱਦਿਆਂ ਦੇ ਸੰਬੰਧ 'ਚ ਮੰਤਰੀ ਨੇ ਸਪੱਸ਼ਟ ਕੀਤਾ ਕਿ ਨਵੀਂ ਭਰਤੀ ਸਰਕਾਰੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇਗੀ ਤਾਂ ਜੋ ਬਾਅਦ ਵਿੱਚ ਬੇਲੋੜੀ ਮੁਕੱਦਮੇਬਾਜ਼ੀ ਤੋਂ ਬਚਿਆ ਜਾ ਸਕੇ।ਰੇਂਜ ਦਫਤਰਾਂ ਵਿੱਚ ਸਟਾਫ ਦੀ ਕਮੀ ਬਾਰੇ ਮੰਤਰੀ ਨੇ ਦੱਸਿਆ ਕਿ ਪੁਨਰਗਠਨ ਪ੍ਰਕਿਰਿਆ ਤਹਿਤ ਹਰੇਕ ਰੇਂਜ ਦਫ਼ਤਰ ਵਿੱਚ ਇੱਕ ਕਰਮਚਾਰੀ ਤਾਇਨਾਤ ਕਰਨ ਲਈ ਯੋਜਨਾ ਵਿਚਾਰ ਅਧੀਨ ਹੈ।ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਅਦਾਲਤੀ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਫਸਰਾਂ ਦੀ ਨਿਯੁਕਤੀ ਸੰਬੰਧੀ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਪੈਟਰਨ ਦਾ ਅਧਿਐਨ ਕਰਨ ਲਈ ਵੀ ਕਿਹਾ।ਜੰਗਲਾਤ ਵਰਕਰਜ਼ ਯੂਨੀਅਨ (ਪੰਜਾਬ) ਵੱਲੋਂ ਉਠਾਏ ਮਸਲਿਆਂ ਨੂੰ ਗੌਰ ਨਾਲ ਸੁਣਦਿਆਂ ਮੰਤਰੀ ਨੇ ਕਿਹਾ ਕਿ ਦਰਜਾ ਚਾਰ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ 60 ਸਾਲ ਕਰਨ ਦਾ ਮਾਮਲਾ ਪਹਿਲਾਂ ਹੀ ਪ੍ਰਸੋਨਲ ਵਿਭਾਗ ਨੂੰ ਭੇਜਿਆ ਜਾ ਚੁੱਕਾ ਹੈ। ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਸਾਰੇ ਡੀ ਐਫ ਓਜ਼ ਨੂੰ ਹਦਾਇਤ ਕਰਨ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਸਮੇਂ ਸਿਰ ਅਦਾ ਕੀਤੀਆਂ ਜਾਣ ਅਤੇ ਹਰ ਮਹੀਨੇ ਦੀ 7 ਤਰੀਕ ਤੋਂ ਲੇਟ ਨਾ ਹੋਵੇ।ਪੰਜਾਬ ਸਰਕਾਰ ਦੇ ਮੁਲਾਜ਼ਮ ਪੱਖੀ ਸਟੈਂਡ ਨੂੰ ਦੁਹਰਾਉਂਦਿਆਂ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਕਲਰਕਾਂ ਤੋਂ ਇਲਾਵਾ 185 ਨਵੇਂ ਵਣ ਗਾਰਡਾਂ ਦੀ ਭਰਤੀ ਕੀਤੀ ਗਈ ਹੈ। ਇਸ ਕਦਮ ਦਾ ਉਦੇਸ਼ ਵਿਭਾਗ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਹੈ।

'ਆਪ' ਆਗੂ ਰਤਨ ਸਿੰਘ ਕਾਕੜ ਕਲਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਜ਼ਿਲ੍ਹਾ ਜਲੰਧਰ ਦੇ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਦੇ

ਇੰਚਾਰਜ ਰਤਨ ਸਿੰਘ ਕਾਕੜ ਕਲਾਂ ਦਾ 67 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ।ਹਰਜਿੰਦਰ ਸਿੰਘ ਸੀਚੇਵਾਲ, ਸੁਰਿੰਦਰ ਸਿੰਘ ਬੱਠਲਾ ਉੱਗੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਜਸਵੀਰ ਸਿੰਘ ਧੰਜਲ ਬਲਾਕ ਪ੍ਰਧਾਨ, ਬਲਦੇਵ ਸਿੰਘ ਸਹੋਤਾ, ਹੈਪੀ ਟੂਰਨਾ, ਮਾਸਟਰ ਸਵਰਨ ਸਿੰਘ ਸਹਾਰੀਵਾਲ, ਭਵਨੇਸ਼ ਕੰਡਾ ਖਾਨਪੁਰ ਮੈਂਬਰ ਬਲਾਕ ਸੰਮਤੀ, ਰਜਨੀਸ਼ ਗੌਤਮ ਸਰਪੰਚ, ਕੁਲਦੀਪ ਸਿੰਘ ਕਾਗਣਾ ਬਲਾਕ ਪ੍ਰਧਾਨ, ਸ਼ਾਂਤੀ ਸਰੂਪ ਸੀਨੀਅਰ ਆਗੂ, ਪਰਦੀਪ ਸ਼ੇਰਪੁਰ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਮੂਹ ਆਗੂਆਂ ਨੇ ਰਤਨ ਸਿੰਘ ਕਾਕੜ ਕਲਾਂ ਨੂੰ ਨੇਕ ਦਿਲ ਇਨਸਾਨ ਦੱਸਦਿਆਂ ਆਖਿਆ ਕਿ ਢੋਸ ਦੇ ਜਾਣ ਨਾਲ ਸਮਾਜ ਅਤੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜ਼ਿਕਰਯੋਗ ਹੈ ਕਿ ਰਤਨ ਸਿੰਘ ਕਾਕੜ ਕਲਾਂ ਨੇ ਨਾ ਸਿਰਫ਼ ਕਿਸਾਨੀ ਸੰਘਰਸ਼ ਵਿਚ ਕਿਸਾਨ ਜਥੇਬੰਦੀਆਂ ਦਾ ਸਾਥ ਦਿੱਤਾ ਬਲਕਿ ਸਿੰਘੂ ਬਾਰਡਰ 'ਤੇ ਜਾ ਕੇ ਕਿਸਾਨਾਂ ਦੀ ਆਵਾਜ਼ ਬੁਲੰਦ ਕਰਨ ਵਿਚ ਵੀ ਸਾਥ ਦਿੱਤਾ। ਉਹਨਾਂ ਹਮੇਸ਼ਾ ਹਲਕਾ ਸ਼ਾਹਕੋਟ ਵਿਚ ਸਮਾਜ ਭਲਾਈ ਦੇ ਕੰਮ ਕੀਤੇ।ਉਹਨਾਂ ਦੇ ਜਾਣ ਨਾਲ ਆਮ ਆਦਮੀ ਪਾਰਟੀ ਅਤੇ ਪੂਰੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜੋ ਕਦੇ ਵੀ ਪੂਰਾ ਨਹੀਂ ਹੋਵੇਗਾ।

ਲੀਚੀ ਉਤਪਾਦਕਾਂ ਦੀਆਂ ਸਮੱਸਿਆਵਾਂ ਛੇਤੀ ਕਰਾਂਗੇ ਹੱਲ : ਜੌੜਾਮਾਜਰਾ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਵਿੱਚ ਬਾਗ਼ਬਾਨੀ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਪਨੇ ਨੂੰ ਪੂਰਾ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਬਾਗ਼ਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਗੁਰਦਾਸਪੁਰ ਅਤੇ ਪਠਾਨਕੋਟ ਦੇ ਲੀਚੀ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਤੁਰੰਤ ਹਰ ਸੰਭਵ ਯਤਨ ਕਰਨ ਦੇ ਨਿਰਦੇਸ਼ ਦਿੱਤੇ।ਇੱਥੇ ਪੰਜਾਬ ਭਵਨ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਿਨਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਸਾਨਾਂ ਵੱਲੋਂ ਲੀਚੀ ਦੇ ਬਾਗ਼ਾਂ ਲਈ ਅਪ੍ਰੈਲ ਅਤੇ ਮਈ ਦੇ ਪੀਕ ਸੀਜ਼ਨ ਦੌਰਾਨ ਰਾਤ ਸਮੇਂ ਨਿਰੰਤਰ 10 ਘੰਟੇ ਬਿਜਲੀ ਸਪਲਾਈ ਦੇਣ ਦੀ ਮੰਗ ਸੰਬੰਧੀ ਪੀ ਐਸ ਪੀ ਸੀ ਐਲ ਦੇ ਚੀਫ਼ ਇੰਜੀਨੀਅਰ ਸਤਿੰਦਰ ਸ਼ਰਮਾ ਨੂੰ ਹਦਾਇਤ ਕੀਤੀ ਕਿ ਉਹ ਕਿਸਾਨਾਂ ਦੀ ਮੰਗ ਨੂੰ ਤਰਜੀਹੀ ਤੌਰ 'ਤੇ ਪੂਰੀ ਕਰਨ। ਕੈਬਿਨਟ ਮੰਤਰੀ ਨੇ ਜਲ ਸਰੋਤ ਵਿਭਾਗ ਦੇ ਸਕੱਤਰ ਚੰਦਰ ਗੋਂਦ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਨਹਿਰਾਂ ਅਤੇ ਮਾਈਨਰਾਂ ਆਦਿ ਦੀ ਮੁਰੰਮਤ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ ਤਾਂ ਜੋ ਗਰਮੀਆਂ ਦੇ ਮੌਸਮ ਵਿੱਚ ਲੀਚੀ ਬਾਗ਼ਬਾਨਾਂ ਨੂੰ ਨਿਰਵਿਘਨ ਨਹਿਰੀ ਪਾਣੀ ਸਪਲਾਈ ਹੋ ਸਕੇ।ਉਨ੍ਹਾਂ ਕਿਹਾ ਕਿ ਮਾਰਚ ਅਤੇ ਅਪ੍ਰੈਲ ਦੌਰਾਨ ਨਹਿਰੀ ਵਿਭਾਗ ਵੱਲੋਂ ਨਹਿਰਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਨ ਨਾਲ ਬਾਗ਼ਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਨਹੀਂ ਮਿਲਦੀ ਅਤੇ ਫਲ ਦੀ ਉਪਜ ਪ੍ਰਭਾਵਤ ਹੁੰਦੀ ਹੈ।ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਐਗਰੋ ਦੇ ਜਨਰਲ ਮੈਨੇਜਰ ਰਣਬੀਰ ਸਿੰਘ ਨੂੰ ਹਦਾਇਤ ਕੀਤੀ ਗਈ ਕਿ ਉਹ ਲੀਚੀ ਦੇ ਨਿਰਯਾਤ ਦੀਆਂ ਸੰਭਾਵਨਾਵਾਂ ਤਲਾਸ਼ਣ ਤਾਂ ਜੋ ਸੂਬੇ ਦੇ ਨਾਲ-ਨਾਲ ਦੇਸ਼-ਵਿਦੇਸ਼ ਵਿੱਚ ਲੀਚੀ ਦਾ ਮੰਡੀਕਰਨ ਯਕੀਨੀ ਬਣਾਇਆ ਜਾ ਸਕੇ ਅਤੇ ਬਾਗ਼ਬਾਨ ਵਧ ਮੁਨਾਫ਼ਾ ਕਮਾ ਸਕਣ।ਇਸੇ ਤਰ੍ਹਾਂ ਉਨ੍ਹਾਂ ਮੀਟਿੰਗ 'ਚ ਮੌਜੂਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੂੰ ਲੀਚੀ ਦੀਆਂ ਨਵੀਆਂ ਕਿਸਮਾਂ ਲਿਆਉਣ ਅਤੇ ਨਿਰਯਾਤ ਆਧਾਰਤ ਪੈਕੇਜਿੰਗ ਨੂੰ ਡਿਜ਼ਾਈਨ ਕਰਨ ਅਤੇ ਉਪਲਬਧ ਕਰਵਾਉਣ ਲਈ ਕਿਹਾ। ਕੈਬਨਿਟ ਮੰਤਰੀ ਨੇ ਬਾਗ਼ਬਾਨੀ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਸ਼ੈਲੇਂਦਰ ਕੌਰ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਲੀਚੀ ਅਸਟੇਟ ਵਿਖੇ ਵਿਸ਼ੇਸ਼ ਆਊਟਲੈਟ ਰਾਹੀਂ ਕਿਸਾਨਾਂ ਨੂੰ ਸਿਫਾਰਸ਼ ਕੀਤੀਆਂ ਵੱਖ-ਵੱਖ ਕੀਟਨਾਸ਼ਕ/ਉੱਲੀਨਾਸ਼ਕ ਦਵਾਈਆਂ ਮੁਹੱਈਆ ਕਰਵਾਈਆਂ ਜਾਣ।

ਵਕੀਲਾਂ ਦੀ ਹੜਤਾਲ ਜਾਰੀ

ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਸ਼੍ਰੀ ਅਨੰਦਪੁਰ ਸਾਹਿਬ ਦੇ ਵਕੀਲ ਜ਼ਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਦੀ ਕਾਰਜਸ਼ੈਲੀ ਤੋਂ ਬੇਹੱਦ ਨਰਾਜ਼ ਹਨ, ਜਿਸ ਕਾਰਨ ਉਨਾਂ ਵੱਲੋਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀ ਅਗਵਾਈ 'ਚ ਇੱਕਤਰਤਾ ਕਰਕੇ ਅਰੰਭ ਕੀਤੀ ਹੜਤਾਲ ਕੀਤੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸ਼੍ਰੀ ਅਨੰਦਪੁਰ ਸਾਹਿਬ ਬਾਰ ਐਸੋਸੀਏਸ਼ਨ ਨੇ ਦੱਸਿਆ ਕਿ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀ ਮੀਟਿੰਗ 'ਚ ਇੱਕ ਮਤਾ ਪਾਸ ਕੀਤਾ ਗਿਆ ਸੀ ਕਿ ਜਦੋਂ ਤੱਕ ਮਾਨਯੋਗ ਸੈਸ਼ਨ ਜੱਜ ਸਾਹਿਬ ਦਾ ਇੱਥੋਂ ਤਬਾਦਲਾ ਨਹੀਂ ਹੋ ਜਾਂਦਾ ਉਦੋਂ ਤੱਕ ਉਹ ਸਮੂਹ ਅਦਾਲਤਾਂ ਦਾ ਬਾਈਕਾਟ ਜਾਰੀ ਰੱਖਣਗੇ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਕੋਈ ਵੀ ਵਕੀਲ ਅਦਾਲਤ 'ਚ ਕੰਮ ਲਈ ਨਹੀਂ ਗਈ ਤੇ ਉਨ੍ਹਾਂ ਦੇ ਨਾਲ ਹੀ ਕੋਈ ਮੁਨਸ਼ੀ ਵੀ ਅਦਾਲਤ 'ਚ ਕੰਮ ਲਈ ਨਹੀਂ ਜਾ ਰਹੇ ਹਨ। ਉਨਾਂ ਦੱਸਿਆ ਕਿ ਜ਼ਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਦਾ ਵਕੀਲਾਂ ਪ੍ਰਤੀ ਰਵੱਈਆ ਬਿਲਕੁਲ ਵੀ ਸਹੀ ਨਹੀਂ ਹੈ, ਜਿਸ ਬਾਰੇ ਕੁਝ ਵਕੀਲ ਸਾਹਿਬਾਨਾਂ ਨੇ ਮਾਨਯੋਗ ਸੈਸ਼ਨ ਜੱਜ ਸਾਹਿਬ ਕੋਲ ਇਤਰਾਜ਼ ਵੀ ਜਾਹਿਰ ਕੀਤਾ ਸੀ, ਪ੍ਰੰਤੂ ਅਖੀਰ 'ਚ ਉਨ੍ਹਾਂ ਨੇ ਸਮੂਹਿਕ ਤੌਰ 'ਤੇ ਹੜਤਾਲ ਦਾ ਇਹ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਇਹ ਹੜਤਾਲ ਫਿਲਹਾਲ 15 ਦਸੰਬਰ ਤੱਕ ਜਾਰੀ ਰਹੇਗੀ। ਉਨਾਂ ਕਿਹਾ ਕਿ ਜੇਕਰ 15 ਦਸੰਬਰ ਤੱਕ ਤਬਾਦਲਾ ਨਾ ਹੋਇਆ ਤਾਂ ਉਕਤ ਹੜਤਾਲ ਨੂੰ ਅੱਗੇ ਵੀ ਵਧਾਇਆ ਜਾ ਸਕਦਾ ਹੈ। ਇਹ ਜਾਣਕਾਰੀ ਰਿਟਰਨਿੰਗ ਅਫਸਰ ਐਡ: ਰਜਤ ਬੇਦੀ ਵੱਲੋਂ ਦਿੱਤੀ ਗਈ। ਇਸ ਮੌਕੇ ਏ ਆਰ ਓ ਸਿਧਾਰਥ ਸ਼ਰਮਾ, ਐਡ: ਨਰਿੰਦਰ ਪਰਾਸ਼ਰ, ਐਡ: ਨਿਖੀਲ ਭਾਰਦਵਾਜ, ਐਡ: ਪੀ ਕੇ ਉੱਪਲ, ਐਡ: ਬੀ ਡੀ ਬਾਰਡਾ, ਐਡ: ਪੀ ਕੇ ਅਚਾਰਿਆ, ਐਡ: ਰਜੀਵ ਰਾਣਾ, ਐਡਸ਼ਾਬਾਜ ਖਾਨ, ਐਡ: ਸੁਰੇਸ਼ ਚੌਧਰੀ, ਐਡ: ਜਸਕੰਵਰ ਸਿੰਘ, ਐਡ: ਰਜਤ ਅਚਾਰਿਆ, ਐਡ: ਸੁਖਵਿੰਦਰ ਸਿੰਘ, ਐਡ: ਜਗਦੀਪ ਮਿਨਹਾਸ, ਐਡ: ਦੌਲਤ ਸਿੰਘ ਚੱਬਰੇਵਾਲ, ਐਡ: ਅਸ਼ੋਕ ਸਿੰਘ ਚੌਧਰੀ, ਐਡ: ਭਗਵੰਤ ਸਿੰਘ ਰਾਣਾ, ਐਡ: ਕੰਵਰ ਸਿੰਘ ਰਾਣਾ ਤੇ ਹੋਰ ਵਕੀਲ ਮੌਜੂਦ ਸਨ।

ਫਗਵਾੜਾ ਦੀਆਂ ਖਸਤਾ ਹਾਲ ਸੜਕਾਂ ਦਾ ਧਿਆਨ ਰੱਖੇ ਸਰਕਾਰ : ਨਹਿਰਾ

ਫਗਵਾੜਾ (ਕਮਲ ਰਾਏ)

ਫਗਵਾੜਾ ਦੇ ਜੀ ਟੀ ਰੋਡ ਅਤੇ ਬੰਗਾ ਰੋਡ ਦੀ ਸਰਵਿਸ ਲੇਨ ਸਮੇਤ ਵੱਖ-ਵੱਖ ਮੁਹੱਲਿਆਂ ਦੀ ਤਰਸਯੋਗ ਹਾਲਤ 'ਤੇ ਗੁੱਸਾ ਜਾਹਰ ਕਰਦਿਆਂ ਪੰਜਾਬ ਪ੍ਰਦੇਸ਼ ਵਪਾਰ ਸੈਲ ਦੀ ਫਗਵਾੜਾ ਸਾਖਾ ਦੇ ਪ੍ਰਧਾਨ ਅਤੇ ਸਿਟੀਜਨ ਰਾਈਟਸ ਫੋਰਮ ਦੇ ਜਨਰਲ ਸਕੱਤਰ ਰਮਨ ਨਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਆਪਣੀਆਂ ਪਿਛਲੀਆਂ ਸਰਕਾਰਾਂ ਦੀ ਤਰਜ 'ਤੇ ਵਿਕਾਸ ਦੇ ਮਾਮਲੇ 'ਚ ਖਾਲੀ ਦਾਅਵਿਆਂ ਤੱਕ ਹੀ ਸੀਮਤ ਨਜ਼ਰ ਆ ਰਹੀ ਹੈ। ਸੱਤਾਧਾਰੀ ਧਿਰ ਦੇ ਨੁਮਾਇੰਦੇ ਅਕਸਰ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ ਅਤੇ ਸ਼ਹਿਰ ਨੂੰ ਮਾਡਲ ਸ਼ਹਿਰ ਵਜੋਂ ਵਿਕਸਤ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਦੂਜੇ ਪਾਸੇ ਜ਼ਮੀਨੀ ਸੱਚਾਈ ਇਹ ਹੈ ਕਿ ਸਥਾਨਕ ਬੰਗਾ ਰੋਡ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਬਹੁਤ ਮਾੜੀ ਹੈ। ਸੜਕ ਦੇ ਵਿਚਕਾਰ ਪਏ ਡੂੰਘੇ ਟੋਏ ਅਕਸਰ ਹਾਦਸਿਆਂ ਦਾ ਕਾਰਨ ਬਣਦੇ ਹਨ। ਜੀ ਟੀ ਰੋਡ ਦੇ ਦੋਵੇਂ ਪਾਸੇ ਸਰਵਿਸ ਲੇਨਾਂ 'ਤੇ ਬਰਸਾਤ ਦੇ ਪਾਣੀ ਦੀ ਭਾਰੀ ਸਮੱਸਿਆ ਹੈ। ਹੁਸ਼ਿਆਰਪੁਰ ਰੋਡ ਸਮੇਤ ਹੋਰ ਕਈ ਸੜਕਾਂ ਦਾ ਬੁਰਾ ਹਾਲ ਹੈ ਅਤੇ ਇਨ੍ਹਾਂ ਦੀ ਸੰਭਾਲ ਨਹੀਂ ਕੀਤੀ ਜਾ ਰਹੀ। ਇਸ ਤੋਂ ਇਲਾਵਾ ਸਚਰਾਂ ਮੁਹੱਲਾ ਅਤੇ ਲਮਿਆਂ ਮੁਹੱਲੇ ਦੀਆਂ ਗਲੀਆਂ ਦੀ ਮਾੜੀ ਹਾਲਤ ਤੋਂ ਲੋਕ ਪ੍ਰੇਸ਼ਾਨ ਹੋ ਰਹੇ ਹਨ। ਇੱਥੋਂ ਤੱਕ ਕਿ ਨੁਕਸਦਾਰ ਸਟਰੀਟ ਲਾਈਟਾਂ ਵੀ ਨਹੀਂ ਬਦਲੀਆਂ ਜਾ ਰਹੀਆਂ। ਨਹਿਰਾ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਕਿਸੇ ਵੀ ਸਰਕਾਰ ਅਤੇ ਪ੍ਰਸ਼ਾਸ਼ਨ ਦੀ ਪਹਿਲ ਹੁੰਦੀ ਹੈ, ਪਰ ਇਸ ਮਾਮਲੇ 'ਚ ਵੀ ਸੂਬੇ ਦੀ ਮੌਜੂਦਾ ਸਰਕਾਰ ਨੇ ਲੋਕਾਂ ਨੂੰ ਹੁਣ ਤੱਕ ਨਿਰਾਸ਼ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਇਹ ਦਾਅਵੇ ਕਰਦੀਆਂ ਸਨ ਕਿ ਜੇਕਰ ਉਹ ਸੱਤਾ 'ਚ ਆਉਂਦੀਆਂ ਹਨ ਤਾਂ ਫਗਵਾੜਾ ਨੂੰ ਜਿਲ੍ਹਾ ਬਣਾਉਣ ਦਾ ਕੰਮ ਸ਼ੁਰੂ ਕਰ ਦੇਣਗੇ। ਪਰ ਚੋਣਾਂ ਦੇ ਦੋ ਸਾਲ ਪੂਰੇ ਹੋਣ ਵਾਲੇ ਹਨ ਅਤੇ ਨਾ ਤਾਂ ਸਰਕਾਰ ਨੇ ਕੋਈ ਪਹਿਲਕਦਮੀ ਕੀਤੀ ਹੈ ਅਤੇ ਨਾ ਹੀ ਕੋਈ ਵਿਰੋਧੀ ਪਾਰਟੀ ਇਸ ਮੁੱਦੇ ਨੂੰ ਉਠਾਉਣ 'ਚ ਦਿਲਚਸਪੀ ਦਿਖਾ ਰਹੀ ਹੈ। ਜਿਸ ਕਾਰਨ ਵਪਾਰੀ ਵਰਗ ਅਤੇ ਸੀਨੀਅਰ ਸਿਟੀਜਨਾਂ ਨੂੰ ਕਰੀਬ ਪੰਜਾਹ ਕਿਲੋਮੀਟਰ ਦੂਰ ਕਪੂਰਥਲਾ ਜਾ ਕੇ ਆਪਣਾ ਕੰਮ ਕਰਵਾਉਣ ਵਿੱਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਫਗਵਾੜਾ ਵਾਸੀਆਂ ਦੀਆਂ ਇਨ੍ਹਾਂ ਪ੍ਰਮੁੱਖ ਸਮੱਸਿਆਵਾਂ ਵੱਲ ਤੁਰੰਤ ਧਿਆਨ ਦੇਣ ਦੀ ਪੁਰਜ਼ੋਰ ਮੰਗ ਕੀਤੀ।

ਸ਼ਹੀਦੀ ਪੁਰਬ ਮੌਕੇ ਕੱਢੇ ਜਾ ਰਹੇ ਨਗਰ ਕੀਰਤਨਾਂ ਦੀ ਮਿਤੀ ਬਦਲੀ ਜਾਵੇ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ

15-DEC-PAGE-10.qxd 12/14/2023 10:29 PM Page 1

ਮਨਿਸਟ੍ਰੀਅਲ ਕਾਮਿਆਂ ਵੱਲੋਂ ਸਰਕਾਰੀ ਕੰਮਕਾਜ ਠੱਪ

■ ਰੋਸ ਪ੍ਰਦਰਸ਼ਨ ਕਰਕੇ ਸਰਕਾਰ ਦੀ ਫੂਕੀ ਅਰਥੀ

ਮਾਨਸਾ (ਆਤਮਾ ਸਿੰਘ ਪਮਾਰ) ਪੀ ਐਸ ਐਮ ਐਸ ਯੂ ਦੇ ਸੱਦੇ 'ਤੇ ਜ਼ਿਲ੍ਹਾ ਮਾਨਸਾ ਦੇ ਸਮੂਹ ਦਫ਼ਤਰਾਂ ਦੇ ਮਨਿਸਟਰੀਅਲ ਕਾਂਮਿਆਂ ਵੱਲੋਂ ਅੱਜ 37ਵੇਂ ਦਿਨ ਵੀ ਮੁਕੰਮਲ ਹੜਤਾਲ ਕਰਕੇ ਕਲਮਛੋੜ, ਕੰਪਿਊਟਰ ਬੰਦ ਅਤੇ ਆਨਲਾਈਨ ਕੰਮ ਬੰਦ ਕਰਦੇ ਹੋਏ ਕੰਮਕਾਜ ਠੱਪ ਕਰਕੇ ਰੱਖਿਆ ਗਿਆ।ਸਰਕਾਰ ਦੀ ਨਾਅਹਿਲੀਅਤ ਤੇ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਤੋਂ ਬਸ ਸਟੈਂਡ ਠੀਕਰੀਵਾਲਾ ਚੌਕ ਵਿੱਚ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕਰਕੇ ਅਰਥੀ ਸਾੜੀ ਅਤੇ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਪ੍ਰਤਾਪ ਸਿੰਘ ਖੁਡਾਲ ਪ੍ਰਧਾਨ ਪੀ ਐਸ ਐਮ ਐਸ ਯੂ ਨੇ ਸਰਕਾਰ ਵੱਲੋਂ ਲਾਏ ਜਾਂਦੇ ਝੂਠੇ ਲਾਰਿਆਂ ਦੀ ਪੰਡ ਦਾ ਪਰਦਾਫਾਸ਼ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਹੜਤਾਲ ਪੰਜਾਬ ਸਰਕਾਰ ਦੇ ਮੁਲਾਜ਼ਮਾਂ, ਜੋ ਅਪ੍ਰੈਲ 2004 ਤੋਂ ਬਾਅਦ ਭਰਤੀ ਹੋਏ ਹਨ, ਉਨ੍ਹਾਂ ਦੀ ਪੁਰਾਣੀ ਪੈਨਸ਼ਨ ਲਾਗੂ ਨਹੀਂ ਕਰ ਰਹੀ, ਏ.ਸੀ.ਪੀ. ਸਕੀਮ ਦੀ ਬਹਾਲੀ ਕਰਨ, ਕੇਂਦਰੀ ਪੈਟਰਨ 'ਤੇ ਭਰਤੀ ਬੰਦ ਕਰਾਉਣਾ ਅਤੇ ਡੀ ਏ ਦੀਆਂ ਬਕਾਇਆ ਕਿਸ਼ਤਾਂ, ਛੇਵੇਂ ਪੇ ਕਮਿਸ਼ਨ ਦਾ ਬਕਾਇਆ ਜਾਰੀ ਕਰਾਉਣ ਆਦਿ ਹੜਤਾਲ ਪਿਛਲੇ 1 ਮਹੀਨੇ ਤੋਂ ਚੱਲ ਰਹੀ ਹੈ।ਸ੍ਰੀ ਸੁਰਜੀਤ ਸਿੰਘ ਤੇ ਰਾਕੇਸ਼ ਬੋਹਾ ਪ੍ਰਧਾਨ ਡੀ.ਸੀ.ਦਫ਼ਤਰ ਯੂਨੀਅਨ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ ਅਤੇ ਮਜਬੂਰ ਹੋ ਕੇ ਮੁਲਾਜ਼ਮਾਂ ਨੂੰ ਸੰਘਰਸ਼ ਦੇ ਰਾਹ ਤੁਰਨਾ ਪੈ ਰਿਹਾ ਹੈ, ਜਿਸ ਕਰਕੇ ਆਮ ਜਨਤਾ ਖੱਜਲ ਹੋ ਰਹੀ ਹੈ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਅਗਲੇ 2 ਦਿਨ ਸਮੂਹ ਮਨਿਸਟੀਰੀਅਲ ਕਾਮੇ ਸਮੂਹਿਕ ਛੁੱਟੀ 'ਤੇ ਜਾਣਗੇ ਅਤੇ ਜਥੇਬੰਦੀ ਦੀ ਹੋਣ ਵਾਲੀ ਅਗਲੀ ਮੀਟਿੰਗ ਵਿੱਚ ਤਕੜੇ ਐਕਸ਼ਨ ਉਲੀਕ ਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਤਾਂ ਜੁ ਸਰਕਾਰ ਨੂੰ ਕੰਭਕਰਨੀ ਨੀਂਦ ਤੋਂ ਜਗਾਇਆ ਜਾ ਸਕੇ।ਇਸ ਮੌਕੇ ਮੱਖਣ ਲਾਲ ਏਟਕ ਜਥੇਬੰਦੀ ਆਡੀਟਰ ਐਸੋਸੀਏਸ਼ਨ, ਕਾਮਰੇਡ ਯਾਦਵਿੰਦਰ ਸਿੰਘ ਰਾਣਾ, ਕੇਵਲ ਸਿੰਘ, ਮੱਖਣ ਸਿੰਘ ਉਡਤ ਪੈਨਸ਼ਨਰ ਐਸੋਸੀਏਸ਼ਨ, ਅਵਤਾਰ ਸਿੰਘ, ਐਮ.ਐਲ.ਟੀ. ਐਸੋਸੀਏਸ਼ਨ, ਚਾਨਣ ਸਿੰਘ, ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ, ਵੇਦ ਪ੍ਰਕਾਸ਼, ਸੂਬੇ ਸਿੰਘ ਦਰਜਾ ਚਾਰ ਯੂਨੀਅਨ, ਬਾਬੂ ਸਿੰਘ ਫ਼ਤਿਹਪੁਰ ਟੈਕਨੀਕਲ ਯੂਨੀਅਨ, ਗੁਰਦਰਸ਼ਨ ਸਿੰਘ, ਡਰਾਇਵਰ ਯੂਨੀਅਨ, ਡਾ. ਸ਼ੁਭਮ, ਡਾ. ਗੁਰਜੀਵਨ ਸਿੰਘ ਪੀ ਸੀ ਐਮ ਐਸ ਐਸੋਸੀਏਸ਼ਨ ਅਤੇ ਹੋਰ ਭਰਾਤਰੀ ਜੱਥੇਬੰਦੀਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।

ਸੰਯੁਕਤ ਅਧਿਆਪਕ ਫਰੰਟ ਨੇ ਮੀਟਿੰਗ ਤੋਂ ਭੱਜਣ ਖ਼ਿਲਾਫ਼ ਪੰਜਾਬ ਸਰਕਾਰ ਦੀ ਅਰਥੀ ਸਾੜੀ

ਸੰਗਰੂਰ (ਪ੍ਰਦੀਪ ਸਿੰਘ ਸੱਪਲ)-ਪੰਜਾਬ ਸਰਕਾਰ ਦੁਆਰਾ ਛੇ ਅਧਿਆਪਕ ਜਥੇਬੰਦੀਆਂ 'ਤੇ ਅਧਾਰਤ ਸੰਯੁਕਤ ਅਧਿਆਪਕ ਫਰੰਟ ਨਾਲ 8 ਦਸੰਬਰ ਨੂੰ ਤੈਅ ਕੀਤੀ ਮੀਟਿੰਗ ਮੁਲਤਵੀ ਕਰਨ ਖ਼ਿਲਾਫ਼ ਡੀਸੀ ਸੰਗਰੂਰ ਦੇ ਗੇਟ ਅੱਗੇ ਪੰਜਾਬ ਸਰਕਾਰ ਦੀ ਅਰਥੀ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਭਰਾਤਰੀ ਤੌਰ 'ਤੇ ਸ਼ਾਮਲ ਹੋਏ ਕੰਪਿਊਟਰ ਅਧਿਆਪਕ ਜਥੇਬੰਦੀ ਤੇ 8736 ਕੱਚੇ ਅਧਿਆਪਕ ਜਥੇਬੰਦੀ ਦੇ ਕਾਰਕੁੰਨਾਂ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਏ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਇਕੱਤਰਤਾ ਨੂੰ ਡੀ.ਟੀ.ਐੱਫ਼. ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਤੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਮੁਲਾਜ਼ਮ ਜਥੇਬੰਦੀਆਂ ਨਾਲ ਮੀਟਿੰਗਾਂ ਕਰਨ ਤੋਂ ਭੱਜਣ ਤੇ ਮੁਲਾਜ਼ਮ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦੇ ਵਤੀਰੇ ਦੀ ਤਿੱਖੀ ਆਲੋਚਨਾ ਕੀਤੀ।

ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਸੰਵੇਦਨਸ਼ੀਲ ਰਵੱਈਆ ਅਪਣਾਏ, ਵਿਧਾਨ 2022 ਸਭਾ ਦੀਆਂ ਚੋਣਾਂ ਸਮੇਂ ਮੁਲਾਜ਼ਮਾਂ ਨਾਲ ਕੀਤੇ ਚੋਣ ਵਾਅਦੇ ਪੂਰੇ ਨਹੀਂ ਕੀਤੇ ਤਾਂ ਭਵਿੱਖ ਵਿੱਚ ਇਸ ਨੂੰ ਹੋਰ ਤਿੱਖੇ ਐਕਸ਼ਨਾਂ ਦਾ ਸਾਹਮਣਾ ਕਰਨਾ ਪਵੇਗਾ ਤੇ ਪੰਜਾਬ ਦੇ ਮੁਲਾਜ਼ਮ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਮਜਬੂਰ ਹੋਣਗੇ।

ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਮੋਗਾ ਦੀ ਕੋਆਰਡੀਨੇਸ਼ਨ ਕਮੇਟੀ ਗਠਿਤ

ਮੋਗਾ (ਅਮਰਜੀਤ ਬੱਬਰੀ) ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਦਿਆਂ ਮੋਗਾ ਜ਼ਿਲ੍ਹੇ ਦੀਆਂ ਇਸ ਵਿੱਚ ਸ਼ਾਮਲ ਸਾਰੀਆਂ ਧਿਰਾਂ ਦੀ ਇੱਕ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਸੂਬਾ ਕਨਵੀਨਰ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮ /ਪੈਨਸ਼ਨਰ ਵਿਰੋਧੀ ਚੱਲ ਰਹੀਆਂ ਨੀਤੀਆਂ ਖ਼ਿਲਾਫ਼ ਚੱਲ ਰਹੇ ਸਾਂਝੇ ਸੰਘਰਸ਼ ਵਿੱਚ ਜ਼ਿਲ੍ਹਾ ਪੱਧਰ 'ਤੇ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ। ਕੋਆਰਡੀਨੇਸ਼ਨ ਕਮੇਟੀ ਵਿੱਚ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸੁਖਮੰਦਰ ਸਿੰਘ ਅਤੇ ਸਰਬਜੀਤ ਦਾਉਧਰ, ਵਿਗਿਆਨਕ ਗਰੁੱਪ ਵੱਲੋਂ ਰਘਬੀਰ ਸਿੰਘ ਐਮ ਐਲ ਟੀਥ ਅਤੇ ਅਮਰਦੀਪ ਸਿੰਘ , ਪੀਥ ਐਸ ਪੀ ਸੀ ਐਲ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਬਲੌਰ ਸਿੰਘ ਘਾਲੀ ਅਤੇ ਜਗਰੂਪ ਸਿੰਘ, ਡੀ ਟੀ ਐਫ ਵੱਲੋਂ ਸੁਖਪਾਲ ਜੀਤ ਸਿੰਘ ਅਤੇ ਦਿਗ ਵਿਜੈ ਪਾਲ ਸ਼ਰਮਾ, ਸ਼ਤੀਸ਼ ਰਾਣਾ ਫੈਡਰੇਸ਼ਨ ਵੱਲੋਂ ਰਾਜਿੰਦਰ ਸਿੰਘ ਰਿਆੜ ਅਤੇ ਰਾਜੂ ਸਿੰਘ , ਪੰਜਾਬ ਪੁਲਸ ਪੈਨਸ਼ਨਰਜ਼ ਫੈਲਫੇਅਰ ਐਸੋਸੀਏਸ਼ਨ ਵੱਲੋਂ ਰਛਪਾਲ ਸਿੰਘ ਸੰਧੂ ਅਤੇ ਰਛਪਾਲ ਸਿੰਘ ਸਿੱਧੂ , ਪੀ ਐਸ ਪੀ ਸੀ ਐਲ ਪੈਨਸ਼ਨਰਜ਼ ਯੂਨੀਅਨ ਵੱਲੋਂ ਗੁਰਮੇਲ ਸਿੰਘ ਨਾਹਰ ਅਤੇ ਪ੍ਰੀਆ ਵਰਤ ਗੁਪਤਾ ਲਏ ਗਏ ਹਨ। ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਹਰ ਵਾਰ ਮੀਟਿੰਗ ਦੀ ਪ੍ਰਧਾਨਗੀ ਬਦਲ ਬਦਲ ਕੇ ਅਲਫਾਬੈਟੀਕਲੀ ਕੀਤੀ ਜਾਇਆ ਕਰੇਗੀ ਅਤੇ ਅਗਲੀ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ 2 ਜਨਵਰੀ 2024 ਨੂੰ 2 ਵਜੇ ਹੋਵੇਗੀ। ਪ੍ਰੈਸ ਬਿਆਨ ਜਾਰੀ ਕਰਦਿਆਂ ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਵੱਲੋਂ ਸਾਂਝੇ ਫਰੰਟ ਨਾਲ ਮੀਟਿੰਗਾਂ ਕਰਨ ਤੋਂ ਲਗਾਤਾਰ ਟਾਲਾ ਵੱਟਿਆ ਜਾ ਰਿਹਾ ਹੈ ਅਤੇ ਵੱਖ ਵੱਖ ਜਥੇਬੰਦੀਆਂ ਨਾਲ ਹੋ ਰਹੀਆਂ ਮੀਟਿੰਗਾਂ ਵੀ ਬੇਸਿੱਟਾ ਸਾਬਤ ਹੋ ਰਹੀਆਂ ਹਨ , ਪੁਰਾਣੀ ਪੈਨਸ਼ਨ ਬਹਾਲ ਕਰਨ ਵਰਗੀ ਅਹਿਮ ਮੰਗ ਨੂੰ ਵੀ ਮੀਟਿੰਗਾਂ ਕਰਕੇ ਅਤੇ ਕਮੇਟੀਆਂ ਬਣਾ ਕੇ ਲਟਕਾਇਆ ਜਾ ਰਿਹਾ ਹੈ। ਮਨਿਸਟਰੀਅਲ ਸਟਾਫ਼ ਦੀਆਂ ਮੰਗਾਂ ਮਸਲਿਆਂ ਤੇ ਕੀਤੇ ਜਾ ਰਹੇ ਸੰਘਰਸ਼ ਨੂੰ ਅੱਖੋਂ ਪਰੋਖੇ ਕਰਕੇ ਲੋਕਾਂ ਨੂੰ ਖੱਜਲ ਖੁਆਰ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜਿਸ ਕਰਕੇ ਸਾਂਝੇ ਫਰੰਟ ਦੇ ਆਗੂਆਂ ਨੇ ਮਨਿਸਟਰੀਅਲ ਮੁਲਾਜ਼ਮਾਂ ਦੇ ਸੰਘਰਸ਼ ਦੀ ਪੂਰਨ ਹਮਾਇਤ ਕਰਦੇ ਹੋਏ ਉਨ੍ਹਾਂ ਦੇ ਜ਼ਿਲ੍ਹਾ ਪੱਧਰੀ ਹਰ ਐਕਸ਼ਨ ਵਿੱਚ ਭਰਵੀਂ ਸ਼ਮੂਲੀਅਤ ਦਾ ਫੈਸਲਾ ਕੀਤਾ ਹੈ।

ਕਾਤਰਾਂ

ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਦੋ ਹਫ਼ਤੇ ਦਾ ਡੇਅਰੀ ਫਾਰਮਿੰਗ ਸਿਖਲਾਈ ਕੋਰਸ 18 ਤੋਂ

ਫ਼ਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)-ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ 2 ਹਫ਼ਤਿਆਂ ਦੀ ਡੇਅਰੀ ਸਿਖਲਾਈ ਦਾ ਤੇਰ੍ਹਵਾਂ ਬੈਚ 18 ਦਸੰਬਰ ਨੂੰ ਡੇਅਰੀ ਸਿਖਲਾਈ ਕੇਂਦਰ ਗਿੱਲ ਤੇ ਡੇਅਰੀ ਸਿਖਲਾਈ ਕੇਂਦਰ ਤਰਨਤਾਰਨ ਵਿਖੇ ਚਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ, ਫ਼ਿਰੋਜ਼ਪੁਰ ਰਣਦੀਪ ਕੁਮਾਰ ਹਾਂਡਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਖੇਤੀ ਵਿੱਚ ਵਿੰਭਿਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਸਬੰਧਤ ਨੌਜਵਾਨ ਲੜਕੇ-ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਗਰੰਟੀ ਅਤੇ ਹਰੇ ਚਾਰੇ ਦੀ ਬਿਜਾਈ ਵਾਸਤੇ ਜ਼ਮੀਨ ਦਾ ਪ੍ਰਬੰਧ ਹੋਵੇ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਾ ਕੇ 25 ਪ੍ਰਤੀਸਤ ਜਨਰਲ ਅਤੇ 33 ਪ੍ਰਤੀਸ਼ਤ ਅਨੁਸੂਚਿਤ ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ।

ਦੋ ਹਫਤੇ ਦਾ ਡੇਅਰੀ ਸਿਖਲਾਈ ਕੋਰਸ 18 ਤੋਂ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡੇਅਰੀ ਵਿਕਾਸ ਵਿਭਾਗ ਵੱਲੋਂ ਬੇਰੋਜ਼ਗਾਰ ਨੌਜਵਾਨਾਂ ਤੇ ਔਰਤਾਂ ਨੂੰ ਡੇਅਰੀ ਦੇ ਧੰਦੇ ਦੀ ਸਿਖਲਾਈ ਦੇਣ ਲਈ 18 ਦਸੰਬਰ ਤੋਂ ਦੋ ਹਫਤੇ ਦਾ ਡੇਅਰੀ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਦਾ ਮੁੱਖ ਮੰਤਵ ਪੇਂਡੂ ਖੇਤਰ ਦੇ ਨੌਜਵਾਨਾਂ ਤੇ ਔਰਤਾਂ ਨੂੰ ਡੇਅਰੀ ਦਾ ਕਿੱਤਾ ਅਪਣਾਉਣ ਲਈ ਪ੍ਰੋਤਸਾਹਿਤ ਕਰਨਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਦਲਬੀਰ ਕੁਮਾਰ ਨੇ ਦੱਸਿਆ ਕਿ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਉਮੀਦਵਾਰਾਂ ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਚਤਾਮਲੀ (ਰੋਪੜ) ਅਤੇ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਬੀਜਾ (ਲੁਧਿਆਣਾ) ਵਿਖੇ ਡੇਅਰੀ ਦੀ ਸਿਖਲਾਈ ਦਿੱਤੀ ਜਾਵੇਗੀ। ਸਿਖਲਾਈ ਹਾਸਲ ਕਰਨ ਦੇ ਚਾਹਵਾਨ ਉਮੀਦਵਾਰ ਦੀ ਉਮਰ 18-50 ਸਾਲ ਹੋਣੀ ਚਾਹੀਦੀ ਹੈ, ਉਹ ਘੱਟੋ ਘੱਟ ਪੰਜਵੀਂ ਪਾਸ ਹੋਣਾ ਚਾਹੀਦਾ ਹੈ ਅਤੇ ਸਿਖਿਆਰਥੀ ਪੇਂਡੂ ਇਲਾਕੇ ਨਾਲ ਸਬੰਧਤ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਸਿਖਿਆਰਥੀ ਆਪਣੇ ਦਸਤਾਵੇਜ਼ ਜਿਵੇਂ ਯੋਗਤਾ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇੱਕ ਪਾਸਪੋਰਟ ਸਾਇਜ਼ ਫੋਟੋ ਲੈ ਕੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰਜ਼ਲ 'ਤੇ ਸਥਿਤ ਕਮਰਾ ਨੰ: 406 ਵਿਖੇ ਹਾਜ਼ਰ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਲਈ 15 ਦਸੰਬਰ ਨੂੰ ਕਾਊਂਸਲਿੰਗ ਕੀਤੀ ਜਾਵੇਗੀ। ਇਸ ਟਰੇਨਿੰਗ ਦੌਰਾਨ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ-ਰਖਾਵ, ਖਾਧ-ਖੁਰਾਕ, ਨਸਲ ਸੁਧਾਰ, ਸਾਂਭ ਸੰਭਾਲ ਅਤੇ ਸੁਚੱਜੇ ਮੰਡੀਕਰਨ ਸਮੇਤ ਨਵੀਨਤਮ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਹਾਸਲ ਕਰਨ ਵਾਸਤੇ ਮੋਬਾਇਲ ਨੰਬਰ 96530-31054 ਅਤੇ 82830-45015 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਭਾਕਿਯੂ (ਏਕਤਾ) ਡਕੌਂਦਾ ਵੱਲੋਂ ਮੂਸਾ 'ਚ ਔਰਤਾਂ ਦੀ ਕਮੇਟੀ ਗਠਿਤ

ਮਾਨਸਾ (ਆਤਮਾ ਸਿੰਘ ਪਰਮਾਰ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਮਾਨਸਾ ਬਲਾਕ ਦੇ ਪਿੰਡ ਮੂਸਾ ਵਿੱਚ ਬਲਾਕ ਪ੍ਰਧਾਨ ਗੁਰਵਿੰਦਰ ਕੌਰ ਤੇ ਕਮੇਟੀ ਮੈਂਬਰ ਸੁਖਜੀਤ ਕੌਰ ਦੀ ਅਗਵਾਈ ਹੇਠ ਮੀਟਿੰਗ ਕਰਾਈ ਗਈ।ਮੀਟਿੰਗ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਤੇ ਇਸ ਸਮੇਂ ਨਵੀਂ ਕਮੇਟੀ ਚੁਣੀ ਗਈ, ਜਿਸ ਵਿੱਚ ਪ੍ਰਧਾਨ ਪਰਮਜੀਤ ਕੌਰ, ਜਰਨਲ ਸਕੱਤਰ ਮਨਜੀਤ ਕੌਰ, ਖ਼ਜ਼ਾਨਚੀ ਹਰਦੀਪ ਕੌਰ, ਸੀਨੀਅਰ ਮੀਤ ਪ੍ਰਧਾਨ ਹਰਬੰਸ ਕੌਰ ਅਤੇ ਕਮੇਟੀ ਮੈਂਬਰ ਸੁਖਵਿੰਦਰ ਕੌਰ ਚਰਨਜੀਤ ਕੌਰ, ਅਮਰਜੀਤ ਕੌਰ, ਗੁਰਮੇਲ ਕੌਰ, ਮਨਦੀਪ ਕੌਰ ਚੁਣੇ ਗਏ । ਇਸ ਮੌਕੇ ਬੋਲਦਿਆਂ ਸੁਖਜੀਤ ਕੌਰ ਭੈਣੀ ਬਾਘਾ ਨੇ ਕਿਹਾ ਕਿ ਕਿਰਤ ਬਚਾਉਣ ਲਈ ਲੋਕ ਘੋਲਾਂ ਵਿੱਚ ਹੋ ਰਹੀ ਔਰਤਾਂ ਦੀ ਸ਼ਮੂਲੀਅਤ ਇੱਕ ਸ਼ੁਭ ਸੰਕੇਤ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ।

ਬੀੜੀ ਕਾਰਨ ਸੁਲਘੀ ਅੱਗ ਨਾਲ ਝੁੱਗੀ 'ਚ ਪਏ ਅਧਰੰਗ ਦੇ ਮਰੀਜ਼ ਦੀ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੋਫਲ ਰੋ

15-Dec-PAGE-11-Majha-23.qxd 12/14/2023 10:45 PM Page 1

ਸਮਾਰਟ ਮੀਟਰ ਲਗਾਉਣ ਆਏ ਅਧਿਕਾਰੀਆਂ ਦਾ ਪਿੰਡ ਵਾਲਿਆਂ ਨੇ ਕੀਤਾ ਵਿਰੋਧ

ਮੀਆਂਵਿੰਡ (ਰਵੀ ਖਹਿਰਾ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਖਡੂਰ ਸਾਹਿਬ ਦੇ ਅਧੀਨ ਆਉਂਦੇ ਪਿੰਡ ਅੱਲੋਵਾਲ ਵਿਖੇ ਬਿਜਲੀ ਅਧਿਕਾਰੀਆਂ ਵੱਲੋਂ ਪਿੰਡ ਅੱਲੋਵਾਲ ਦੇ ਸਰਕਾਰੀ ਸਕੂਲ ਦੇ ਬਾਹਰ ਬਿਜਲੀ ਅਧਿਕਾਰੀਆਂ ਵੱਲੋਂ ਸਮਾਰਟ ਮੀਟਰ ਲਗਾਉਣ ਦੀ ਕੋਸ਼ਿਸ਼ ਕੀਤੀ ਗਈ।

ਜਦ ਇਸ ਦੀ ਖਬਰ ਪਿੰਡ ਇਕਾਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੂੰ ਲੱਗੀ ਤਾਂ ਉਨ੍ਹਾਂ ਤੁਰੰਤ ਐਕਸ਼ਨ ਕੀਤਾ ਅਤੇ ਪਿੰਡ ਵਿੱਚ ਸਮਾਰਟ ਮੀਟਰ ਲਗਾਉਣ ਆਏ ਅਧਿਕਾਰੀਆਂ ਨੂੰ ਵਾਪਸ ਮੁੜਨ 'ਤੇ ਮਜਬੂਰ ਹੋਣਾ ਪਿਆ। ਇਸ ਮੌਕੇ ਜ਼ੋਨ ਆਗੂ ਸੁਖਚੈਨ ਸਿੰਘ ਅੱਲੋਵਾਲ ਨੇ ਦੱਸਿਆ ਕਿ ਪਿੰਡਾਂ ਸ਼ਹਿਰਾਂ ਦੇ ਵਿੱਚ ਸਮਾਰਟ ਮੀਟਰ ਲਗਾ ਕੇ ਇਹ ਅਦਾਰਾ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪ੍ਰਾਈਵੇਟ ਹੋਣ ਤੋਂ ਬਾਅਦ ਬਿਜਲੀ ਬਹੁਤ ਜਿਆਦਾ ਮਹਿੰਗੀ ਹੋ ਜਾਵੇਗੀ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ। ਇਸ ਕਰਕੇ ਸਰਕਾਰ ਦਾ ਇਹ ਮਨਸੂਬਾ ਕਦੀ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਇਕਾਈ ਪ੍ਰਧਾਨ ਅਜੀਤ ਸਿੰਘ ਮਲਮੋਰੀ, ਇਕਾਈ ਪ੍ਰਧਾਨ ਬੀਬੀ ਸਰਬਜੀਤ ਕੌਰ ਅਤੇ ਪਿੰਡ ਦੇ ਨੌਜਵਾਨ, ਬਜ਼ੁਰਗ, ਮਾਤਾਵਾਂ, ਭੈਣਾਂ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵੱਲੋਂ ਸਰਕਾਰੀ ਸਕੂਲਾਂ, ਆਂਗਣਵਾੜੀ ਕੇਂਦਰਾਂ ਤੇ ਰਾਸ਼ਨ ਡੀਪੂਆਂ ਦਾ ਅਚਨਚੇਤ ਨਿਰੀਖਣ

ਪੱਟੀ/ਤਰਨ ਤਾਰਨ/ਭਿੱਖੀਵਿੰਡ/ ਖਾਲੜਾ (ਬਲਦੇਵ ਸਿੰਘ ਸੰਧੂ/ ਪ੍ਰਿਤਪਾਲ ਸਿੰਘ/ ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) - ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੱਜ ਜ਼ਿਲ੍ਹਾ ਤਰਨਤਾਰਨ ਦੇ ਬਲਾਕ ਖਡੂਰ ਸਾਹਿਬ ਵਿੱਚ ਸਰਕਾਰੀ ਸਕੂਲਾਂ, ਆਂਗਣਵਾੜੀ ਕੇਂਦਰਾਂ ਅਤੇ ਸਰਕਾਰੀ ਰਾਸ਼ਨ ਡੀਪੂਆਂ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਮਿਡ-ਡੇ-ਮੀਲ ਅਤੇ ਹੋਰ ਭਲਾਈ ਸਕੀਮਾਂ ਨੂੰ ਲਾਗੂ ਕਰਨ ਦਾ ਜਾਇਜ਼ਾ ਲਿਆ। ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਪਿੰਡ ਜਹਾਂਗੀਰ ਦੀ ਆਂਗਣਵਾੜੀ ਅਤੇ ਪਿੰਡ ਦੀਨੇਵਾਲ ਦੇ ਸਰਕਾਰੀ ਐਲੀਮੈਂਟਰੀ ਸਕੂਲ, ਆਂਗਣਵਾੜੀ ਸੈਂਟਰ ਅਤੇ ਸਰਕਾਰੀ ਰਾਸ਼ਨ ਡੀਪੂ ਦੀ ਚੈਕਿੰਗ ਕੀਤੀ। ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਕਿਹਾ ਕਿ ਚੈਕਿੰਗ ਦੌਰਾਨ ਕਈ ਸਕੂਲਾਂ ਵਿੱਚ ਮਿਡ ਡੇ ਮੀਲ ਫੂਡ ਟੈਸਟ ਰਜਿਸਟਰ ਵੀ ਨਹੀਂ ਰੱਖਿਆ ਗਿਆ, ਜੋ ਕਿ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਹਾਲ ਹੀ ਵਿੱਚ ਕੁਝ ਸਕੂਲਾਂ ਵਿੱਚੋਂ ਖਾਣੇ ਕਾਰਨ ਬੱਚਿਆਂ ਦੀ ਸਿਹਤ ਖਰਾਬ ਹੋਣ ਦੀਆਂ ਰਿਪੋਰਟਾਂ ਆਈਆਂ ਹਨ, ਇਸ ਲਈ ਕੋਈ ਲਾਪਰਵਾਹੀ ਨਾ ਵਰਤੀ ਜਾਵੇ। ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਨੂੰ ਸਾਫ-ਸੁਥਰਾ ਭੋਜਨ ਮੁਹੱਈਆ ਕਰਵਾਇਆ ਜਾਵੇ ਅਤੇ ਖਾਣਾ ਬਣਾਉਣ ਅਤੇ ਪਰੋਸਣ ਸਮੇਂ ਸਾਫ-ਸਫਾਈ ਦਾ ਧਿਆਨ ਰੱਖਿਆ ਜਾਵੇ। ਕਮਿਸ਼ਨ ਦੇ ਮੈਂਬਰ ਨੇ ਸਕੂਲੀ ਵਿਦਿਆਰਥੀਆਂ ਨਾਲ ਮਿਡ-ਡੇ-ਮੀਲ ਬਾਰੇ ਗੱਲਬਾਤ ਕੀਤੀ ਅਤੇ ਖੁਦ ਭੋਜਨ ਦਾ ਸਵਾਦ ਵੀ ਲਿਆ। ਜਿਨ੍ਹਾਂ ਸਕੂਲਾਂ ਵਿੱਚ ਆਰ.ਓ ਮਸ਼ੀਨਾਂ ਨਹੀਂ ਹਨ, ਉਨ੍ਹਾਂ ਸਕੂਲਾਂ ਵਿੱਚ ਸਮੇਂ-ਸਮੇਂ 'ਤੇ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਚੈੱਕ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਮਿਸ਼ਨ ਮੈਂਬਰ ਨੇ ਪਿੰਡ ਦੀਨੇਵਾਲ ਦੇ 3 ਆਂਗਣਵਾੜੀ ਕੇਂਦਰਾਂ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨ 'ਤੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਕਮਿਸ਼ਨ ਦੇ ਮੈਂਬਰਾਂ ਨੇ ਇਸ ਗੱਲ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ ਕਿ ਕੁਝ ਸਕੂਲਾਂ, ਆਂਗਣਵਾੜੀ ਕੇਂਦਰਾਂ ਅਤੇ ਸਰਕਾਰੀ ਰਾਸ਼ਨ ਡੀਪੂਆਂ 'ਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਨਹੀਂ ਲਗਾਇਆ ਗਿਆ।

ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਲਾਭਪਾਤਰੀ ਨੂੰ ਉਪਰੋਕਤ ਸਕੀਮਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈਲਪਲਾਈਨ ਨੰਬਰ 9876764545 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਹਰ 6 ਮਹੀਨੇ ਬਾਅਦ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਵਾਉਣ ਦੇ

ਕਿਰਤੋਵਾਲ ਕਲਾਂ 'ਚ ਕਿਸਾਨ ਜਥੇਬੰਦੀ ਉਗਰਾਹਾਂ ਵੱਲੋਂ ਨਵੀਂ ਕਮੇਟੀ ਗਠਿਤ

ਪੱਟੀ (ਬਲਦੇਵ ਸਿੰਘ ਸੰਧੂ) - ਪਿੰਡ ਕਿਰਤੋਵਾਲ ਕਲਾਂ ਦੇ ਗੁਰਦੁਆਰਾ ਗੁਰੂ ਨਾਨਕ ਨਿਵਾਸ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹ ਜਥੇਬੰਦੀ ਵੱਲੋਂ ਮੀਟਿੰਗ ਕਿਸਾਨ ਆਗੂ ਸੋਹਣ ਸਿੰਘ ਸਭਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੌਰਾਨ ਨਵੀਂ ਕਮੇਟੀ ਗਠਿਤ ਕਰਕੇ ਨਵੀ ਇਕਾਈ ਦਾ ਪ੍ਰਧਾਨ ਲਖਬੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁਖਦੇਵ ਸਿੰਘ, ਕੈਸ਼ੀਅਰ ਅਵਤਾਰ ਸਿੰਘ, ਪ੍ਰੈਸ ਸਕੱਤਰ ਗੁਰਭਾਗ ਸਿੰਘ, ਸਲਾਹਕਾਰ ਗੁਰਸੇਵਕ ਸਿੰਘ ਚੁਣੇ ਗਏ। ਇਨ੍ਹਾਂ ਕਿਸਾਨਾਂ ਨੇ ਦੱਸਿਆ ਕਿ ਉਹ ਪਹਿਲਾਂ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਵਿਚ ਕੰਮ ਕਰਦੇ ਸੀ। ਹੁਣ ਉਗਰਾਹਾਂ ਜਥੇਬੰਦੀ ਦੇ ਚੰਗੇ ਕੰਮਾਂ ਨੂੰ ਵੇਖਦੇ ਹੋਏ ਸਾਰੇ ਕਿਸਾਨ ਕੋਟ ਬੁੱਢਾ ਨੂੰ ਅਲਵਿਦਾ ਕਹਿ ਕਿ ਉਗਰਾਹਾਂ ਜਥੇਬੰਦੀ 'ਚ ਹੋਏ ਸ਼ਾਮਲ ਹੋਏ ਹਨ। ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਗੁਰਬਾਜ ਸਿੰਘ ਸਿੱਧਵਾਂ ਤੇ ਸੋਹਣ ਸਿੰਘ ਸਭਰਾ ਨੇ ਕਿਹਾ ਕਿ ਚਾਹੇ ਕੇਂਦਰ ਜਾਂ ਸੂਬਾ ਸਰਕਾਰਾਂ ਹੋਣ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਭੁਗਤ ਰਹੀਆਂ ਹਨ। ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੋਂ ਟਾਲਾ ਵੱਟ ਰਹੀਆਂ ਹਨ। ਕਿਸਾਨਾਂ ਦੀ ਚਿਰੋਕਣੀ ਮੰਗ ਆ ਕਿ ਫਸਲਾਂ ਦੇ ਭਾਅ ਡਾ. ਸੁਆਮੀਨਾਥਨ ਦੀ ਰਿਪੋਰਟ ਮੁਤਾਬਕ ਲਾਗੂ ਕੀਤੇ ਜਾਣ। ਸਰਕਾਰਾਂ ਕਾਰਪੋਰੇਟ ਜਗਤ ਨੂੰ ਪ੍ਰਫੁੱਲਿਤ ਕਰਨ ਵਿਚ ਲੱਗੀਆਂ ਹਨ।

ਜੇਕਰ ਕਾਰਪੋਰੇਟ ਘਰਾਣਿਆਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਤੇ ਲਕੀਰ ਵੱਜ ਸਕਦੀ ਹੈ ਤਾਂ ਕਿਸਾਨਾਂ ਦੇ ਨਿਗੂਣੇ ਕਰਜ਼ੇ ਮੁਆਫ ਕਿਉਂ ਨਹੀਂ ਕੀਤੇ ਜਾ ਸਕਦੇ। ਸਰਕਾਰਾਂ ਵਲੋਂ ਕਿਸਾਨਾਂ ਤੇ ਛੋਟੇ ਕਾਰੋਬਾਰੀਆਂ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਮੌਕੇ ਸਲੱਖਣ ਸਿੰਘ ਖਡੂਰ ਸਹਿਬ, ਕਰਮਜੀਤ ਸਿੰਘ ਜਰਨਲ ਸਕੱਤਰ ਬਲਾਕ ਪੱਟੀ, ਕਰਨੈਲ ਸਿੰਘ ਸਭਰਾ ਇਕਾਈ ਪ੍ਰਧਾਨ, ਮਹਾਨ ਸਿੰਘ ਸਭਰਾ, ਜਥੇਦਾਰ ਬਲਜਿੰਦਰ ਸਿੰਘ ਰੰਧਾਵਾ, ਬਲਰਾਜ ਸਿੰਘ ਬਿੱਲਾ, ਗੁਰਜੰਟ ਸਿੰਘ, ਪੂਰਨ ਸਿੰਘ, ਕੇਵਲ ਸਿੰਘ, ਵਰਿਆਮ ਸਿੰਘ, ਆਦਿ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

ਸ਼ਹੀਦੀ ਦਿਹਾੜੇ ਨੂੰ ਸਮਰਪਤ ਬੱਚਿਆਂ ਦੇ ਮੁਕਾਬਲੇ 29 ਨੂੰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸਮੂਹ ਸ਼ਹੀਦਾਂ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਬੱਚਿਆਂ ਦੇ ਧਾਰਮਿਕ ਕੁਇਜ਼ਜ਼ ਮੁਕਾਬਲੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਿਤੀ 29 ਦਸੰਬਰ ਸਵੇਰੇ 11:00 ਵਜੇ ਤੋਂ ਦੁਪਿਹਰ 2:00 ਵਜੇ ਤੱਕ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਵਿਚ ਵੱਖ ਵੱਖ ਨਗਰਾਂ ਅਤੇ ਸਕੂਲਾਂ ਵਿੱਚੋਂ ਟੀਮਾਂ ਆ ਰਹੀਆਂ ਹਨ ਜਿਸ ਵਿੱਚ ਬੱਚਿਆਂ ਨੂੰ ਪਹਿਲਾਂ ਤੋਂ ਤਿਆਰੀਆਂ ਅਤੇ ਪ੍ਰਸ਼ਨੋਤਰੀਆਂ ਦਿੱਤੀਆਂ ਜਾਣਗੀਆਂ। ਜਿਹੜੇ ਸਕੂਲ ਜਾਂ ਨਗਰਾਂ ਦੀਆਂ ਪ੍ਰਬੰਧਕ ਕਮੇਟੀਆਂ ਆਪਣੇ ਨਗਰ ਵਿੱਚ ਬੱਚਿਆਂ ਦੀਆ ਕਲਾਸਾਂ ਲਗਾਉਣ ਦੀਆਂ ਚਾਹਵਾਨ ਹਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸੰਪਰਕ ਕਰਨ।

ਅੰਮ੍ਰਿਤਸਰ 'ਚ ਥਰਡ ਕਰਾਟੇ ਕੱਪ ਦਿਵਸ ਮਨਾਇਆ

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਬੀਤੇ ਦਿਨੀਂ ਅੰਮ੍ਰਿਤਸਰ ਵਿੱਚ ਥਰਡ ਆਰ ਕੇ ਸ਼ਿੰਗਾਰੀ ਕਰਾਟੇ ਕੱਪ ਸੈਲੀਬਰੇਸ਼ਨ ਮਾਲ ਵਿਚ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਢਾਈ ਸੌ ਕਰਾਟੇ ਕਾਰਾਂ ਨੇ ਭਾਗ ਲਿਆ। ਸਨ ਸੋਈ ਗੁਲਸ਼ਨ ਕੁਮਾਰ ਦੀ ਅਗਵਾਈ ਵਿੱਚ ਖੇਲਦਿਆਂ ਸੰਤ ਫਰਾਂਸੇਸ ਸਕੂਲ ਦੀ ਖੁਸ਼ ਮੇਅਰ ਕੌਰ ਰੰਧਾਵਾ ਨੇ ਗੋਲਡ ਅਤੇ ਮਾਨਵ ਇੰਦਰ ਸਿੰਘ ਨੇ ਸਿਲਵਰ ਮੈਡਲ ਵਿੱਚ ਜਿੱਤ ਪ੍ਰਾਪਤ ਕੀਤੀ।ਇਸ ਮੌਕੇ ਸਕੂਲ ਦੇ ਫਾਦਰ ਸਕਾਈ ਲਾਰਕ ਜਾਰਜ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਵਾਸਤੇ ਕਿਹਾ।

ਬਾਬਾ ਮੰਗਲ ਦਾਸ ਦੀ ਸਲਾਨਾ ਬਰਸੀ 17 ਨੂੰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਤਿਗੁਰੂ ਕਬੀਰ ਮੰਦਰ ਫੱਜੂਪੁਰ ਦੇ ਸੰਸਥਾਪਕ ਬਾਬਾ ਮੰਗਲ ਦਾਸ ਦੀ ਸਾਲਾਨਾ ਬਰਸੀ ਸਮਾਗਮ ਸਬੰਧੀ ਪ੍ਰਬੰਧਕ ਕਮੇਟੀ ਸਤਿਗੁਰ ਕਬੀਰ ਮੰਦਰ ਰਜਿ: ਫੱਜੂਪੁਰ ਦੇ ਅਹੁਦੇਦਾਰਾਂ ਦੀ ਅਹਿਮ ਮੀਟਿੰਗ ਪ੍ਰਧਾਨ ਅਸ਼ਵਨੀ ਫੱਜੂਪੁਰ ਦੀ ਅਗਵਾਈ ਵਿੱਚ

ਸਤਿਗੁਰੂ ਕਬੀਰ ਮੰਦਰ ਫੱਜੂਪੁਰ ਵਿਖੇ ਹੋਈ। ਮੀਟਿੰਗ ਦੌਰਾਨ ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਬਾਬਾ ਮੰਗਲ ਦਾਸ ਜੀ ਦੀ ਸਾਲਾਨਾ ਬਰਸੀ 17 ਦਸੰਬਰ ਦਿਨ ਐਤਵਾਰ ਨੂੰ ਸਵੇਰੇ 11:30 ਵਜੇ ਤੋਂ 2 ਵਜੇ ਤੱਕ ਸਤਿਗੁਰ ਕਬੀਰ ਮੰਦਰ ਫੱਜੂਪੁਰ ਧਾਰੀਵਾਲ ਵਿਖੇ ਮਨਾਈ ਜਾ ਰਹੀ ਹੈ। ਇਸ ਬਰਸੀ ਸਮਾਗਮ ਦੌਰਾਨ ਰਾਗੀ ਜਥਾ ਭਾਈ ਗੁਰਦਿਆਲ ਸਿੰਘ ਲੇਹਲ ਵਾਲੇ ਕਬੀਰ ਸਾਹਿਬ ਦੀ ਬਾਣੀ ਦਾ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਸਮਾਗਮ ਦੇ ਪ੍ਰਬੰਧਾਂ ਲਈ ਸੇਵਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਇਸ ਮੀਟਿੰਗ ਵਿੱਚ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ, ਸੇਵਾਦਾਰ ਕੁੰਦਨ ਲਾਲ, ਸੈਕਟਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ, ਤਰਲੋਕ ਚੰਦ ਏ.ਡੀ.ਓ, ਖਜ਼ਾਨਚੀ ਪ੍ਰੇਮ ਭਗਤ ਅਹਿਮਦਾਬਾਦ, ਪ੍ਰੇਮਪਾਲ ਪੰਮਾ, ਕੀਮਤੀ ਲਾਲ, ਪ੍ਰੇਮ ਸਿੰਘ ਬੇਦੀ ਕਾਲੋਨੀ, ਬਲਵਿੰਦਰ ਬਿੰਦਾ, ਹਰੀ ਰਾਮ, ਸਾਈਂ ਦਾਸ ਭਗਤ, ਪ੍ਰੇਮ ਪਾਲ ਨੰਬਰਦਾਰ ਲੇਹਲ, ਮਾਸਟਰ ਸੁਭਾਸ਼ ਚੰਦਰ, ਤਲਵਿੰਦਰ ਪਾਲ ਹੈਪੀ ਆਦਿ ਹਾਜ਼ਰ ਸਨ।

ਅਰਜੁਨ ਸ਼ਰਮਾ ਨੇ ਨੈਸ਼ਨਲ ਪੱਧਰੀ ਓਪਨ ਕਰਾਟੇ ਮੁਕਾਬਲੇ 'ਚ ਸੋਨ ਤਗਮਾ ਜਿੱਤਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ

ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਕਰਾਟੇ ਖਿਡਾਰੀ ਅਰਜੁਨ ਸ਼ਰਮਾ ਨੇ ਨੈਸ਼ਨਲ ਪੱਧਰੀ ਓਪਨ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਆਪਣਾ ਮਾਪਿਆਂ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਗਗਨਜੀਤ ਕੌਰ ਨੇ ਦੱਸਿਆ ਕਿ ਦਿੱਲੀ ਵਿਖੇ ਤਾਲਕਟੋਰਾ ਸਟੇਡੀਅਮ ਵਿੱਚ ਹੋਏ ਨੈਸ਼ਨਲ ਪੱਧਰੀ ਓਪਨ ਕਰਾਟੇ ਚੈਂਪੀਅਨਸ਼ਿੱਪ ਮੁਕਾਬਲਿਆਂ ਵਿੱਚ ਵੱਖ ਵੱਖ ਸੂਬਿਆਂ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਕਰਾਟੇ ਖਿਡਾਰੀ ਅਰਜੁਨ ਸ਼ਰਮਾ ਨੇ ਭਾਰ ਵਰਗ 55 ਕਿਲੋ ਕੈਟਾਗਰੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨੇ ਦਾ ਤਗਮਾ ਹਾਸਲ ਕਰਕੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹਾ ਗੁਰਦਾਸਪੁਰ ਦਾ ਨਾਂ ਰੋਸ਼ਨ ਕੀਤਾ ਹੈ। ਸੋਨ ਤਗਮਾ ਵਿਦਿਆਰਥੀ ਅਰਜੁਨ ਸ਼ਰਮਾ ਦਾ ਸਕੂਲ ਪਹੁੰਚਣ ਤੇ ਪ੍ਰਿੰਸੀਪਲ ਗਗਨਜੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਗਗਨਜੀਤ ਕੌਰ, ਸਕੂਲ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ), ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ ਅਤੇ ਕੁਲਦੀਪ ਸਿੰਘ ਸੋਹਲ ਵਲੋਂ ਸੋਨ ਤਗਮਾ ਜੇਤੂ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਸਕੂਲ ਦੇ ਖਿਡਾਰੀਆਂ ਨੂੰ ਟਰੈਕ ਸੂਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਬੱਚਿਆਂ ਦੇ ਮਾਪਿਆਂ, ਕੋਚ ਸੰਨੀ ਮਲਪੋਤਰਾ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

ਝਬਾਲ ਸਕੂਲ ਦੇ ਵਿਦਿਆਰਥੀਆਂ ਪੰਜਾਬ ਸਟੇਟ ਫੈਂਸਿੰਗ ਚੈਂਪੀਅਨਸ਼ਿਪ 'ਚ ਮਾਰੀਆਂ ਮੱਲਾਂ

ਝਬਾਲ (ਮੱਖਣ ਮਨੋਜ)-ਚੀਫ ਖਾਲਸਾ ਦੀਵਾਨ ਦੀ ਯੋਗ ਰਹਿਨੁਮਈ ਹੇਠ ਚੱਲ ਰਹੀ ਇਲਾਕੇ ਦੀ ਸਿਰ

15-Dec-PAGE-12.qxd 12/14/2023 10:44 PM Page 1

ਵਰ੍ਹੇਗੰਢ ਮੁਬਾਰਕ

ਸੁਖਮੰਦਰ ਸਿੰਘ ਲਾਈਨਮੈਨ ਅਤੇ ਸਰਬਜੀਤ ਕੌਰ ਵਾਸੀ ਪਿੰਡ ਲਹਿਰਾ ਮੁਹੱਬਤ (ਬਠਿੰਡਾ) ਨੇ ਆਪਣੇ ਵਿਆਹ ਦੀ ਚੌਥੀ ਵਰ੍ਹੇਗੰਢ ਮਨਾਈ

ਨਿਹਾਲ ਸਿੰਘ ਕਲਸੀ ਅਤੇ ਪਰਮਿੰਦਰ ਕੌਰ ਵਾਸੀ ਮੋਰਿੰਡਾ ਨੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ

ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਸੰਬੰਧੀ ਮੀਟਿੰਗ

ਮੋਹਾਲੀ,(ਗੁਰਜੀਤ ਬਿੱਲਾ)-ਵਧੀਕ ਜ਼ਿਲ੍ਹਾ ਚੋਣ ਅਫਸਰ, ਐਸ.ਏ.ਐਸ.ਨਗਰ ਵਿਰਾਜ ਤਿੜਕੇ ਵੱਲੋਂ ਯੋਗਤਾ ਮਿਤੀ 01/01/2024 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਸਬੰਧੀ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਵੱਲੋਂ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਪ੍ਰਾਪਤ ਹੋਏ ਫਾਰਮਾਂ ਅਤੇ ਡੀ.ਐਸ.ਈ./ਪੀ.ਐਸ.ਈ ਦਾ ਜਲਦੀ ਜਲਦੀ ਤੋਂ ਨਿਪਟਾਰਾ ਕਰਨ ਦੀ ਹਦਾਇਤ ਕੀਤੀ ਗਈ। ਮੀਟਿੰਗ ਵਿੱਚ ਐਸ ਡੀ ਐਮ ਚੰਦਰਜੋਤੀ ਸਿੰਘ ਤੇ ਹਿਮਾਂਸ਼ੂ ਗੁਪਤਾ, ਸਹਾਇਕ ਕਮਿਸ਼ਨਰ ਹਰਜੋਤ ਕੌਰ ਮਾਵੀ, ਸੰਜੇ ਕੁਮਾਰ, ਤਹਿਸੀਲਦਾਰ (ਚੋਣਾਂ), ਸੁਰਿੰਦਰ ਕੁਮਾਰ, ਚੋਣ ਕਾਨੂੰਗੋ ਅਤੇ ਜਗਤਾਰ ਸਿੰਘ, ਚੋਣ ਕਾਨੂੰਗੋ ਹਾਜ਼ਰ ਸਨ।

ਝੱਲ ਲਈਵਾਲ ਵਿਖੇ ਦੋ ਗੱਡੀਆਂ ਦੀ ਟੱਕਰ, 1 ਮੌਤ, 5 ਜ਼ਖ਼ਮੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਸੁਲਤਾਨਪੁਰ ਲੋਧੀ- ਕਪੂਰਥਲਾ ਰੋਡ 'ਤੇ ਪਿੰਡ ਝੱਲ ਲਈਵਾਲ ਨਜ਼ਦੀਕ ਸਵਿਫਟ ਕਾਰ ਅਤੇ ਇਨੋਵਾ ਗੱਡੀ ਦੀ ਟੱਕਰ 'ਚ 1 ਲੜਕੀ ਦੀ ਮੌਤ ਹੋ ਗਈ ਅਤੇ 5 ਗੰਭੀਰ ਫੱਟੜ ਹਨ। ਦੱਸਿਆ ਜਾ ਰਿਹਾ ਹੈ ਕਿ ਸਵਿਫਟ ਕਾਰ ਪੀਬੀ 09 ਏਬੀ 4409 ਜਿਸ ਨੂੰ ਕਮਲਦੀਪ ਸਿੰਘ ਸਪੁੱਤਰ ਪਿਆਰਾ ਸਿੰਘ ਵਾਸੀ ਡਡਵਿੰਡੀ ਚਲਾ ਰਿਹਾ ਸੀ ਜੋ ਆਪਣੇ ਪਰਵਾਰ ਪ੍ਰਭਜੋਤ ਕੌਰ 23 ਸਾਲ ਪਤਨੀ ਕਮਲਦੀਪ ਸਿੰਘ, ਗੁਰਨੂਰ ਸਿੰਘ 6 ਮਹੀਨੇ ਸਪੁੱਤਰ ਕਮਲਦੀਪ ਸਿੰਘ, ਅਗਮਜੋਤ ਕੌਰ 5 ਸਾਲ ਸਪੁੱਤਰੀ ਪਵਨਦੀਪ ਸਿੰਘ ਸਵਾਰ ਸਨ ਅਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਡਡਵਿੰਡੀ ਤੋਂ ਮੱਥਾ ਟੇਕਣ ਆ ਰਹੇ ਸਨ। ਜਿਸ ਵਿੱਚ ਅਗਮਜੋਤ ਕੌਰ ਉਮਰ ਕਰੀਬ 5 ਸਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੂਸਰੇ ਪਾਸੇ ਇਨੋਵਾ ਗੱਡੀ ਪੀਬੀ 13 ਏਐਫ 2883 ਜਿਸ ਨੂੰ ਰਵੀ ਸਪੁੱਤਰ ਬਲਦੇਵ ਰਾਜ ਵਾਸੀ ਸੁਲਤਾਨਪੁਰ ਰੂਲਰ ਚਲਾ ਰਿਹਾ ਸੀ ਅਤੇ ਉਹਨਾਂ ਨਾਲ ਸੁਮਨ ਪਤਨੀ ਮੰਗਾਂ ਵਾਸੀ ਸੁਲਤਾਨਪੁਰ ਰੂਲਰ ਜੋ ਕਪੂਰਥਲਾ ਜੇਲ੍ਹ ਵਿਚੋਂ ਆਪਣੇ ਪਤੀ ਨਾਲ ਮੁਲਾਕਾਤ ਕਰਕੇ ਪਰਤ ਰਹੀ ਸੀ । ਇਸ ਹਾਦਸੇ ਦੌਰਾਨ 1 ਦੀ ਮੌਤ ਹੋ ਗਈ ਤੇ 5 ਲੋਕ ਜ਼ਖਮੀ ਹੋ ਗਏ। ਜਖਮੀਆਂ ਨੂੰ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਇਲਾਜ ਲਈ ਭਰਤੀ ਕਰਵਾਇਆ ਗਿਆ ਜਿੱਥੇ ਡਾਕਟਰਾਂ ਨੇ ਜਖਮੀਆਂ ਦੀ ਹਾਲਤ ਗੰਭੀਰ ਹੋਣ ਕਰਕੇ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ।

ਵਿਦੇਸ਼ਾਂ 'ਚ ਵਸਦੇ ਸਿੱਖ ਆਪਣੇ ਬੱਚਿਆਂ ਨੂੰ ਗੱਤਕਾ ਸਿੱਖਣ ਲਈ ਉਤਸ਼ਾਹਤ ਕਰਨ : ਫੂਲ ਰਾਜ ਸਿੰਘ

ਮੁਹਾਲੀ (ਗੁਰਜੀਤ ਬਿੱਲਾ)

ਦਸਮੇਸ਼ ਗੁਰਮਤਿ ਵਿੱਦਿਆਲਾ ਟਾਰਨੇਟ, ਮੈਲਬੋਰਨ ਆਸਟਰੇਲੀਆ ਦੇ ਗੱਤਕਾ ਖਿਡਾਰੀਆਂ ਨੇ ਅੰਤਰਰਾਸ਼ਟਰੀ ਗੱਤਕਾ ਕੋਚ ਡਾ. ਸੁਭਕਰਨ ਸਿੰਘ, ਡਾਇਰੈਕਟਰ, ਕੋਚਿੰਗ ਡਾਇਰੈਕਟੋਰੇਟ, ਨੈਸਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੀ ਅਗਵਾਈ ਹੇਠ ਗੁਦੁਆਰਾ ਦਸਮੇਸ਼ ਦਰਬਾਰ, ਟਾਰਨੇਟ, ਮੈਲਬੋਰਨ ਵਿਖੇ ਸਿੱਖ ਸ਼ਸ਼ਤਰ ਵਿੱਦਿਆ ਅਤੇ ਗੱਤਕਾ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਗੱਤਕਾ ਕੌਂਸਲ ਆਫ ਆਸਟਰੇਲੀਆ ਦੇ ਮੈਂਬਰ ਵੀ ਪੁੱਜੇ ਹੋਏ ਸਨ। ਉਚੇਚੇ ਤੌਰ 'ਤੇ ਆਸਟਰੇਲੀਆ ਪੁੱਜੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ ਅਤੇ ਪੰਜਾਬ ਦੇ ਪ੍ਰਸਿੱਧ ਸਮਾਜ ਸੇਵੀ ਫੂਲ ਰਾਜ ਸਿੰਘ, ਸਟੇਟ ਐਵਾਰਡੀ, ਨੇ ਸੰਬੋਧਨ ਕਰਦਿਆਂ ਕਿਹਾ ਕਿ ਗੱਤਕਾ ਖੇਡ ਕੌਮ ਦਾ ਵਿਰਾਸਤੀ ਖਜਾਨਾ ਹੈ ਅਤੇ ਹਰ ਮੁਲਕ 'ਚ ਵਸਦੇ ਸਿੱਖ ਆਪਣੇ ਬੱਚਿਆਂ ਨੂੰ ਗੱਤਕਾ ਸਿੱਖਣ ਲਈ ਉਤਸ਼ਾਹਿਤ ਕਰਨ। ਉਨ੍ਹਾਂ ਕਿਹਾ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਦੀ ਅਗਵਾਈ ਹੇਠ ਗੱਤਕੇ ਨੂੰ ਵਿਸ਼ਵ ਭਰ 'ਚ ਮਾਨਤਾ ਪ੍ਰਾਪਤ ਖੇਡ ਦਾ ਦਰਜਾ ਦਿਵਾਉਣ ਲਈ ਯਤਨ ਜਾਰੀ ਹਨ।

ਇਸ ਮੌਕੇ ਗੱਤਕਾ ਕੌਂਸਲ ਆਫ ਆਸਟਰੇਲੀਆ ਦੇ ਹਰਜੀਤ ਸਿੰਘ, ਪ੍ਰਧਾਨ, ਪ੍ਰੀਤਮ ਸਿੰਘ, ਸਕੱਤਰ, ਅੰਮ੍ਰਿਤਪਾਲ ਸਿੰਘ, ਮੀਤ ਪ੍ਰਧਾਨ, ਗੁਰਸਰਨ ਸਿੰਘ, ਖਜਾਨਚੀ, ਮਨਪ੍ਰੀਤ ਸਿੰਘ ਤੇ ਜਗਜੀਤ ਸਿੰਘ, ਮੀਡੀਆ ਬੁਲਾਰੇ, ਡਾ. ਭੁਪਿੰਦਰਪਾਲ ਸਿੰਘ ਮੀਰੀ ਪੀਰੀ, ਹਰਨਾਮ ਸਿੰਘ ਤੇ ਅਮਨਜੋਤ ਸਿੰਘ, ਸਲਾਹਕਾਰ, ਹਰਮਨ ਦੀਪ ਸਿੰਘ ਤੇ ਰਾਜਾ ਗੁਰਬੀਰ ਸਿੰਘ ਸਿੰਘ ਵੀ ਹਾਜ਼ਰ ਸਨ।

ਰਤਨ ਸਿੰਘ ਕਾਕੜ ਕਲਾਂ ਨਹੀਂ ਰਹੇ

ਮਹਿਤਪੁਰ, ਲੋਹੀਆਂ ਖਾਸ (ਰਾਜਾ, ਰੀਨਾ ਸ਼ਰਮਾ, ਯੋਗੇਸ਼ਵਰ)- ਆਮ ਆਦਮੀ ਪਾਰਟੀ ਹਲਕਾ ਸ਼ਾਹਕੋਟ ਦੇ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਦੇਰ ਰਾਤ 1 ਵਜੇ ਅਕਾਲ ਚਲਾਣਾ ਕਰ ਗਏ। ਜਾਣਕਾਰੀ ਦਿੰਦਿਆਂ ਕਾਕੜ ਕਲਾਂ ਦੇ ਪੀਏ ਨਿਰਮਲ ਸਿੰਘ ਮੱਲ੍ਹ ਅਤੇ ਬਲਾਕ ਪ੍ਰਧਾਨ ਸਤਨਾਮ ਸਿੰਘ ਲੋਹਗੜ੍ਹ ਤੇ ਹਰਵਿੰਦਰ ਸਿੰਘ ਮਠਾੜੂ ਨੇ ਦੱਸਿਆ ਕਿ ਰਤਨ ਸਿੰਘ ਕਾਕੜ ਕਲਾਂ ਨੂੰ ਪੇਟ ਦੀ ਇਨਫੈਕਸ਼ਨ ਸੀ। ਪਹਿਲਾਂ ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਰੈਫਰ ਕਰ ਦਿੱਤਾ। ਜਿਥੇ ਇਲਾਜ ਦੌਰਾਨ ਰਤਨ ਸਿੰਘ ਕਾਕੜ ਕਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਸਵ: ਕਾਕੜ ਕਲਾਂ ਦੀ ਉਮਰ 67 ਸਾਲ ਸੀ। ਉਹ ਆਪਣੇ ਪਿੱਛੇ ਪਤਨੀ ਰਣਜੀਤ ਕੌਰ, ਦੋ ਲੜਕਿਆਂ ਤੇ ਦੋ ਲੜਕੀਆਂ ਰੂਪੀ ਪਰਵਾਰ ਨੂੰ ਛੱਡ ਗਏ। ਉਨ੍ਹਾਂ ਦੀ ਮੌਤ ਦੀ ਖਬਰ ਸੁਣਦਿਆਂ ਹੀ ਪੂਰੇ ਹਲਕੇ ਸ਼ਾਹਕੋਟ ਵਿਚ ਸੋਗ ਦੀ ਲਹਿਰ ਦੌੜ ਗਈ।

ਕਾਕੜ ਕਲਾਂ ਨਿਰਵਿਵਾਦ ਸਿਆਸਤਦਾਨ ਸਨ : ਰਾਮਪੁਰਾ, ਟੁਰਨਾ

ਸ਼ਾਹਕੋਟ, (ਗਿਆਨ ਸੈਦਪੁਰੀ)-ਆਮ ਆਦਮੀ ਪਾਰਟੀ ਜ਼ਿਲ੍ਹਾ ਜਲੰਧਰ ਦੇ ਬੀ ਸੀ ਵਿੰਗ ਦੇ ਪ੍ਰਧਾਨ ਤਜਿੰਦਰ ਸਿੰਘ ਰਾਮਪੁਰ ਨੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਦੀ ਅਚਨਚੇਤ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੁਖੀ ਪਰਵਾਰ ਨਾਲ ਸੰਵੇਦਨਾਵਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਕਾਕੜ ਕਲਾਂ ਪੈਰ ਮਿੱਧਣ ਦੀ ਸਿਆਸਤ ਤੋਂ ਉੱਪਰ ਸਨ। ਉਨ੍ਹਾਂ ਨੇ ਹਲਕੇ ਅੰਦਰ ਸਿਆਸੀ ਤੌਰ 'ਤੇ ਇੱਕ ਇਮਾਨਦਾਰ ਦਿੱਖ ਬਣਾਈ ਹੋਈ ਸੀ। ਰਾਮਪੁਰ ਨੇ ਕਿਹਾ ਕਿ ਕਾਕੜ ਕਲਾਂ ਦੇ ਵਿਛੋੜੇ ਨਾਲ ਪਾਰਟੀ ਵਿੱਚ ਪੈਦਾ ਹੋਏ ਖਲਾਅ ਦੀ ਭਰਪਾਈ ਹੋਣੀ ਬੜੀ ਔਖੀ ਹੈ। ਇਸੇ ਤਰ੍ਹਾਂ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਓ ਐਸ ਡੀ ਰਵਿੰਦਰ ਸਿੰਘ ਟੁਰਨਾ ਨੇ ਵੀ ਰਤਨ ਸਿੰਘ ਕਾਕੜ ਕਲਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੀ ਸਿਆਸਤ ਵਿੱਚ ਨਿਰਵਿਵਾਦ ਵਿਅਕਤੀ ਵਜੋਂ ਵਿਚਰਦੇ ਸਨ। ਟੁਰਨਾ ਨੇ ਕਾਕੜ ਕਲਾਂ ਦੀ ਮੌਤ ਨੂੰ ਹਲਕੇ ਦੀ 'ਆਪ' ਦੀ ਸਿਆਸਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

ਵਿਧਾਇਕ ਰਾਜਾ ਨੇ ਨਗਰ ਕੌਂਸਲ ਦੇ ਕੰਮ ਘਰੋਂ ਹੀ ਕਰਵਾਉਣ ਦਾ ਕਾਰਜ ਆਰੰਭ ਕੀਤਾ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਜਿੱਥੇ ਸੂਬੇ ਭਰ ਦੇ ਲੋਕਾਂ ਦੀ ਸਹੂਲਤ ਵਾਸਤੇ ਨਗਰ ਕੌਂਸਲ ਦੇ ਕੰਮ ਹੁਣ ਸ਼ਹਰ ਨਿਵਾਸੀ ਘਰ ਬੈਠਿਆਂ ਹੀ ਕਰਵਾ ਸਕਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਵਿਸ਼ੇਸ਼ ਸਹੂਲਤ ਦੀ ਆਰੰਭਤਾ ਕਰਨ ਸਮੇਂ ਕੀਤਾ। ਵਿਧਾਇਕ ਰਾਜਾ ਨੇ ਹਰੇਕ ਘਰ 'ਤੇ ਨੰਬਰ ਪਲੇਟ ਲਗਵਾਉਣ ਦੀ ਸ਼ੁਰੂਆਤ ਕਰਦੇ ਹੋਏ ਦੱਸਿਆ ਕਿ ਲੋਕਾਂ ਨੂੰ ਇਹ ਨੰਬਰ ਪਲੇਟਾਂ ਲਗਾਉਣ ਨਾਲ ਸ਼ਹਿਰ ਵਾਸੀਆਂ ਨੂੰ ਹੁਣ ਕੌਂਸਲ ਨਾਲ ਸੰਬੰਧਿਤ ਬਿੱਲ ਤਾਰਨ ਲਈ ਨਗਰ ਕੌਂਸਲ ਦੇ ਦਫਤਰ ਜਾਣ ਦੀ ਲੋੜ ਨਹੀਂ ਪਵੇਗੀ। ਪ੍ਰਾਪਰਟੀ ਟੈਕਸ, ਪਾਣੀ ਅਤੇ ਹੋਰ ਬਿੱਲ ਆਦਿ ਹੁਣ ਘਰ ਬੈਠ ਕੇ ਹੀ ਤਾਰੇ ਜਾ ਸਕਣਗੇ। ਟਾਂਡਾ ਉੜਮੁੜ ਵਾਸੀਆਂ ਲਈ 30 ਲੱਖ ਦੀ ਲਾਗਤ ਨਾਲ ਪੂਰਾ ਹੋਣ ਵਾਲੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਕਰ ਦਿੱਤੀ ਹੈ ਅਤੇ ਹੌਲੀ ਹੌਲੀ ਸਾਰੇ ਸ਼ਹਿਰ ਵਿੱਚ ਲੋਕਾਂ ਦੀ ਸੁੱਖ ਸਹੂਲਤ ਲਈ ਹਰ ਘਰ ਵਿੱਚ ਇਹ ਨੰਬਰ ਪਲੇਟਾਂ ਲਗਾਈਆਂ ਜਾਣਗੀਆਂ। ਲੋਕਾਂ ਦੀ ਆਪਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਜੋ ਵਾਅਦੇ ਲੋਕਾਂ ਨਾਲ ਕੀਤੇ ਸੀ ਉਹ ਇੱਕ ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਸੁਰਿੰਦਰਜੀਤ ਜੀਤ ਸਿੰਘ ਬਿੱਲੂ, ਪ੍ਰਧਾਨ ਕੇਸ਼ਵ ਸਿੰਘ ਸੈਣੀ ਸ਼ਹਿਰੀ ਪ੍ਰਧਾਨ ਨੰਬਰਦਾਰ,ਜਗਜੀਵਨ ਜੱਗੀ, ਐਸ.ਓ ਗੁਰਵਿੰਦਰ ਸਿੰਘ, ਇੰਸਪੈਕਟਰ ਅਜੇ ਕੁਮਾਰ, ਪ੍ਰੇਮ ਪਡਵਾਲ,ਆਕਾਸ਼ ਮਰਵਾਹਾ ,ਓਂਕਾਰ ਸਿੰਘ , ਬਲਵੀਰ ਸਿੰਘ, ਕਮਲ ਧੀਰ ਹਰਵਿੰਦਰ ਸਿੰਘ ਕਲੋਟੀ ਆਦਿ ਵੀ ਹਾਜਰ ਸਨ।

'ਪਹਿਲਾ ਪ੍ਰੋਫੈਸਰ ਦੀਪਕ ਪੰਜਾਬੀ ਸੱਭਿਆਚਾਰਕ ਮੇਲਾ' ਭਲਕੇ

ਮੁਹਾਲੀ, (ਗੁਰਜੀਤ ਬਿੱਲਾ)- ਪੰਜਾਬੀ ਸਾਹਿਤ ਸਭਾ ਮੁਹਾਲੀ ਵੱਲੋਂ ਵੱਖ-ਵੱਖ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਸਮੁੱਚਾ ਜੀਵਨ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰਕ ਨੂੰ ਸਮਰਪਿਤ ਰਹਿਣ ਵਾਲੇ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤ ਰਹੇ ਪ੍ਰੋਫੈਸਰ ਦੀਪਕ ਮਨਮੋਹਨ ਸਿੰਘ ਦੇ ਸਨਮਾਨ ਵਿੱਚ 'ਪਹਿਲਾ ਪ੍ਰੋਫੈਸਰ ਦੀਪਕ ਪੰਜਾਬੀ ਸੱਭਿਆਚਾਰਕ ਮੇਲਾ' ਕਰਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਸਭਾ ਮੁਹਾਲੀ ਦੇ ਪ੍ਰਧਾਨ ਡਾ. ਸ਼ਿੰਦਰਪਾਲ ਸਿੰਘ ਅਤੇ ਜਨਰਲ ਸਕੱਤਰ ਡਾ. ਸਵੈਰਾਜ ਸੰਧੂ ਨੇ ਦੱਸਿਆ ਕਿ ਇਹ ਮੇਲਾ 16 ਦਸੰਬਰ, ਸ਼ਨੀਵਾਰ ਨੂੰ ਮੁਹਾਲੀ ਦੇ ਸੈਕਟਰ 69 ਦੀ ਨਗਰ ਨਿਗਮ ਦੀ ਪਬਲਿਕ ਲਾਇਬ੍ਰੇਰੀ ਦੇ ਨੇੜਲੇ ਪਾਰਕ (ਸਾਹਮਣੇ ਸ਼ੈਮਰੋਕ ਸਕੂਲ) ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੇਲੇ 'ਚ ਬਲਵਿੰਦਰ ਸਿੰਘ ਧਨੋਆ ਲਾਲੀ ਘੰਡੂਆਂ ਯੂ ਐਸ ਏ ਮੁੱਖ ਮਹਿਮਾਨ ਵਜੋਂ ਪਹੁੰਚ ਰਹੇ ਹਨ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਸਮਾਰੋਹ ਦੀ ਪ੍ਰਧਾਨਗੀ ਕਰਨਗੇ। ਸਾਬਕਾ ਆਈ ਏ ਐਸ ਅਧਿਕਾਰੀ ਅਸ਼ੋਕ ਗੁਪਤਾ, ਦੇਵਿੰਦਰ ਸਿੰਘ ਯੂ ਐਸ ਏ ਅਤੇ ਨਾਮਵਰ ਪੰਜਾਬੀ ਗੀਤਕਾਰ ਸ਼ਮਸ਼ੇਰ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ। ਇਸ ਮੌਕੇ ਨਾਮਵਰ ਪੰਜਾਬੀ ਗਾਇਕ ਪੰਮੀ ਬਾਈ, ਗਾਇਕਾ ਸੁੱਖੀ ਬਰਾੜ, ਸੁਰਜੀਤ ਖਾਨ, ਸੂਫ਼ੀ ਬਲਵੀਰ, ਸ਼ੈਮੀ ਕੇ, ਸੁਖਦੇਵ ਸਾਹਿਲ, ਹਰਦੀਪ ਸਿੰਘ, ਭੁਪਿੰਦਰ ਬੱਬਲ, ਸਤਨਾਮ ਪੰਜਾਬੀ, ਸਤਵਿੰਦਰ ਬਿੱਟੀ, ਨਿੰਦਰ ਘੁਗਿਆਣਵੀ, ਭੁਪਿੰਦਰ ਮਟੌਰੀਆ, ਕਰਮਜੀਤ ਅਨਮੋਲ, ਜਸਪਾਲ ਜੱਸੀ, ਦਵਿੰਦਰ ਕੌਰ ਢਿਲੋਂ, ਬਲਵਿੰਦਰ ਢਿਲੋਂ, ਦਰਸ਼ਨ ਤਿਊਣਾ, ਆਰਡੀ ਕੈਲੇ, ਖਿਲ ਸਿੰਘ, ਅਮਰਜੀਤ ਕੌਰ, ਅਮਰ ਵਿਰਦੀ, ਹਰਿੰਦਰ ਹਰ, ਹਰਭਜਨ ਕੌਰ ਢਿਲੋਂ, ਸਤਵੀਰ ਸੱਤੀ, ਅਟਵਾਲ ਭੈਣਾਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰਨਗੇ। ਭਾਸ਼ਾ ਵਿਭਾਗ ਮੁਹਾਲੀ ਦੀਆਂ ਸਿਖਿਆਰਥਣਾਂ ਗਿੱਧੇ ਦੀ ਪੇਸ਼ ਕਰਨਗੀਆਂ।

ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਆਲੂਆਂ ਦੀ ਫਸਲ ਵੀ ਰੁਲੀ : ਲਾਲੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਕਿਸਾਨਾਂ ਨੇ ਜਦੋਂ ਆਲੂਆਂ ਅਤੇ ਮਟਰ ਦੀ ਫਸਲ ਦੀ ਬਜਾਈ ਕੀਤੀ ਸੀ ਤਾਂ ਬਾਰਿਸ਼ ਨਾਲ ਉਹਨਾਂ ਦੀ ਫਸਲ ਬਰਬਾਦ ਹੋ ਗਈ ਸੀ ਤੇ ਉਨ੍ਹਾਂ ਨੇ ਫਿਰ ਦੁਬਾਰਾ ਖਰਚਾ ਕਰਕੇ ਆਲੂ ਅਤੇ ਮਟਰ ਦੀ ਫਸਲ ਤਿਆਰ ਕੀਤੀ ਸੀ, ਪਰ ਸਰਕਾਰਾਂ ਦੀ ਗਲਤ ਨੀਤੀ ਕਾਰਨ ਫਸਲ ਦਾ ਮੁੱਲ ਨਾ ਪੈਣ ਕਾਰਨ ਕਿਸਾਨਾਂ ਨੂੰ ਭਾਰੀ ਆਰਥਿਕ ਮਾਰ ਝੱਲਣੀ ਪੈ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਲਾਲੀ ਨੇ ਜਥੇਬੰਦੀ ਦੀ ਮੀਟਿੰਗ 'ਚ ਕੀਤਾ ਉਹਨਾਂ ਕਿਹਾ ਕਿ ਕਿਸਾਨਾਂ ਦੀਆਂ ਹਜ਼ਾਰਾਂ ਬੋਰੀਆਂ ਆਲੂਆਂ ਦੀਆਂ ਸਟੋਰਾਂ ਵਿੱਚ ਗਲ ਸੜ ਰਹੀਆਂ ਹਨ ਤੇ ਕਿਸਾਨਾਂ ਨੂੰ ਹਜ਼ਾਰਾਂ ਰੁਪਏ ਖਰਚ ਕੇ ਆਲੂ ਅਤੇ ਮਟਰ ਦੀ ਨਵੀਂ ਫਸਲ ਤਿਆਰ ਕੀਤੀ ਸੀ, ਪਰ ਉਸ ਦਾ ਵੀ ਸਹੀ ਮੁੱਲ ਨਾ ਪੈਣ ਕਾਰਨ ਕਿਸਾਨਾਂ ਨੂੰ ਭਾਰੀ ਆ